ਟੁੱਟੀ ਗੰਢੀ ਗੁਰਦੁਆਰਾ
ਸ੍ਰੀ ਮੁਕਤਸਰ ਸਾਹਿਬ

ਲੋਹੜੀ ਤੇ ਮਾਘੀ

ਲੋਹੜੀ
ਦੀ
ਆਪ ਸਭ
ਨੂੰ ਲੱਖ ਲੱਖ
ਵਧਾਈ ਹੋਵੇ।

246

ਲੇਖਕ : ਭਾਈ ਬੇਅੰਤ ਸਿੰਘ ਕਲੇਰਾਂ ਵਾਲੇ

ੴ ਸਤਿਗੁਰ ਪ੍ਰਸਾਦਿ

ਸਰਬੱਤ ਦਾ ਭਲਾ

WELFARE UNTO ALL

ਪੁਸਤਕ ਦਾ ਨਾਂ : "ਲੋਹੜੀ ਤੇ ਮਾਘੀ"
ਵਾਰਤਕ ਭਾਈ ਪਤੰਗ ਜੀ, ਦੁੱਲਾ ਭੱਟੀ ਤੇ
ਸ੍ਰੀ ਮੁਕਤਸਰ ਸਾਹਿਬ

ਲੇਖਕ : ਪ੍ਰੋਫੈਸਰ ਬੇਅੰਤ ਸਿੰਘ ਕਲੇਰਾਂ ਵਾਲੇ
2831/1, ਇੰਦਰਾ ਨਗਰ, ਲੁਧਿਆਣਾ (ਪੰਜਾਬ)
ਫੋਨ: 0161-2443530, 098551-57530

© : ਸਭ ਹੱਕ ਲੇਖਕ ਦੇ ਰਾਖਵੇਂ ਹਨ

ਈ-ਮੇਲ : bhaibeantsinghldh@gmail.com

ਸੰਖਿਆ : 2100 ਕਾਪੀਆਂ
ਐਡੀਸ਼ਨ : 13 ਜਨਵਰੀ 2014 ਸੰਨ
ਟਾਈਟਲ ਸਰੂਪ : ਭਾਈ ਗਗਨਦੀਪ ਸਿੰਘ
ਪਰੂਫ ਰੀਡਿੰਗ : ਬੀਬੀ ਹਰਪ੍ਰੀਤ ਕੌਰ (ਪੀ.ਐਚ.ਡੀ. ਸਕਾਲਰ)
ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ।
ਜਤਿੰਦਰਪਾਲ ਸਿੰਘ, ਬੀ.ਏ.
ਸਮੁੱਚੀ ਨਿਗਰਾਨੀ : ਬੀਬੀ ਸੁਰਿੰਦਰ ਕੌਰ
ਭੇਟਾ : 25/- ਰੁਪਏ
ਪ੍ਰਿੰਟਿੰਗ ਅਤੇ ਪ੍ਰਕਾਸ਼ਕ : ਗੁਰਬਾਣੀ ਪ੍ਰਚਾਰ ਸੇਵਾ ਸੈਂਟਰ
766, ਦੀਪਕ ਨਗਰ, ਆਤਮ ਪਾਰਕ,
ਲੁਧਿਆਣਾ (ਪੰਜਾਬ)।
ਮੋਬਾਇਲ : 098761-09418
ਫੋਨ : 0161-2443530

ਭਾਈ ਬੇਅੰਤ ਸਿੰਘ ਕਲੇਰਾਂ ਵਾਲਿਆਂ ਦੁਆਰਾ ਰਚਿਤ ਧਾਰਮਿਕ ਤੇ ਇਤਿਹਾਸਕ ਰਚਨਾਵਾਂ

1. ਸਭ ਦਾ 'ਸਾਂਝਾ ਗੁਰੂ', ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,
2. 'ਸ਼ਹੀਦ-ਏ-ਸਰਤਾਜ' ਸ੍ਰੀ ਗੁਰੂ ਅਰਜਨ ਦੇਵ ਜੀ
3. 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?' ਭਾਈ ਤਾਰੂ ਸਿੰਘ ਜੀ ਦਾ ਜੀਵਨ
4. 'ਦਇਆ ਕਾ ਪੂਤ', ਪਿਆਰੇ ਭਾਈ ਦਇਆ ਸਿੰਘ ਜੀ ਦਾ ਜੀਵਨ
5. 'ਧਰਮ ਧਾਮ', ਪਿਆਰੇ ਭਾਈ ਧਰਮ ਸਿੰਘ ਜੀ ਦਾ ਜੀਵਨ
6. 'ਰਾਜੁ ਕਰੈਂਗੇ' ਪਿਆਰੇ ਭਾਈ ਹਿੰਮਤ ਸਿੰਘ ਜੀ ਦਾ ਜੀਵਨ
7. 'ਅਵਰ ਨਾ ਧਿਯਾਊਂ' ਪਿਆਰੇ ਭਾਈ ਮੋਹਕਮ ਸਿੰਘ ਜੀ ਦਾ ਜੀਵਨ
8. 'ਸਿਰੁ ਸਉਪੀਐ' ਪਿਆਰੇ ਭਾਈ ਸਾਹਿਬ ਸਿੰਘ ਜੀ ਦਾ ਜੀਵਨ
9. 'ਨਿਆਰੇ ਪੰਜ ਪਿਆਰੇ', ਸੰਪੂਰਨ ਜੀਵਨ ਹਿੰਦੀ ਵਿੱਚ
10. "ਮਾਲਕ ਤੇ ਪ੍ਰਦੇਸੀ" ਲੇਖਕ ਸਵ. ਸ. ਮਾਲਕ ਸਿੰਘ ਪ੍ਰਦੇਸੀ
11. "ਲੋਹੜੀ ਤੇ ਮਾਘੀ" ਆਪ ਜੀ ਦੇ ਕਰ ਕਮਲਾਂ ਵਿੱਚ ਹੈ।

ਆਉਣ ਵਾਲੀਆਂ ਖੋਜ ਅਧੀਨ ਰਚਨਾਵਾਂ

12. 'ਅੱਜ ਕੀ ਬੋਲੀਏ' ਹਰ ਰੋਜ਼ ਹੀ ਕੋਈ ਦਿਨ ਦਿਹਾੜਾ ਹੈ।
13. 'ਹਰਿ ਦਰਸ਼ਨ ਪਾਇਆ', ਸ੍ਰੀ ਗੁਰੂ ਰਵਿਦਾਸ ਭਗਤ ਜੀ।
14. 'ਸਿਰ ਤਲੀ ਤੇ......?' ਬਾਬਾ ਦੀਪ ਸਿੰਘ ਜੀ ਦਾ ਜੀਵਨ।

ਸਮਰਪਣ

1. ਉਸ, ਪਿਆਰੇ ਭਾਈ ਦਇਆ ਸਿੰਘ ਜੀ ਦੇ ਪਿਤਾ ਭਾਈ ਮਈਆ ਸਿੰਘ ਜੀ ਦੇ ਨਾਨਾ ਭਾਈ ਪਤੰਗ ਜੀ ਨੂੰ ਜਿਨ੍ਹਾਂ, ਰਾਏ ਦੁੱਲਾ ਭੱਟੀ ਦਾ ਜੀਵਨ ਬਦਲ ਕੇ ਨੇਕੀਆਂ ਦਾ ਮਾਰਗ ਦਿੱਤਾ।
2. ਉਸ, ਸ੍ਰੀ ਮੁਕਤਸਰ ਦੇ ਸ਼ਹੀਦ ਭਾਈ ਨਿਧਾਨ ਸਿੰਘ ਦੀ ਸੁਪਤਨੀ ਬੀਬੀ ਭਾਗ ਕੌਰ ਜੀ ਨੂੰ, ਜਿਨ੍ਹਾਂ, ਮਾਝੇ ਦੀ ਸਿੱਖੀ ਜਾਂਦੀ ਨੂੰ ਬਚਾਇਆ।
3. ਉਸ, ਭਾਈ ਮਹਾਂ ਸਿੰਘ ਮਝੈਲ ਨੂੰ ਜਿਨ੍ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਟੁੱਟੀ ਗੰਢੀ ਤੇ ਬੇਦਾਵਾ ਫੜਵਾਇਆ।
4. ਉਸ, ਸ੍ਰੀ ਮੁਕਤਸਰ ਸਾਹਿਬ ਦੇ ਚਾਲੀ ਮੁਕਤਿਆਂ ਨੂੰ ਜਿਨ੍ਹਾਂ, ਸੂਬੇ ਸਰਹਿੰਦ ਨਾਲ ਯੁੱਧ ਕਰਕੇ ਸ਼ਹੀਦੀਆਂ ਪਾਈਆਂ।
5. ਉਨ੍ਹਾਂ, ਮਹਾਨ ਗੁਰਸਿੱਖਾਂ ਨੂੰ ਜਿਨ੍ਹਾਂ, ਸ੍ਰੀ ਮੁਕਤਸਰ ਸਾਹਿਬ ਦੀ ਕਾਰ ਸੇਵਾ ਤੇ ਉਸ ਇਲਾਕੇ ਵਿੱਚ ਸਿੱਖੀ ਪ੍ਰਚਾਰ ਕਰਕੇ ਅੱਜ ਵੀ ਸਿੱਖੀ ਨੂੰ ਪ੍ਰਫੁੱਲਿਤ ਕਰ ਰਹੇ ਹਨ ਅਤੇ ਪਿਤਾ ਗਿਆਨੀ ਹਜ਼ਾਰਾ ਸਿੰਘ ਗਰੇਵਾਲ ਤੇ ਮਾਤਾ ਕਰਤਾਰ ਕੌਰ ਜਿਨ੍ਹਾਂ ਨੇ ਵਿੱਦਿਆ ਦੇ ਕੇ ਅੱਜ "ਲੋਹੜੀ ਤੇ ਮਾਘੀ" ਦੇ ਇਤਿਹਾਸ ਲਿਖਣ ਵਾਲੀ ਮੱਤ ਦਿੱਤੀ।

ਗੁਨਾਹੀ ਭਰਿਆ
ਭਾਈ ਬੇਅੰਤ ਸਿੰਘ ਕਲੇਰਾਂ ਵਾਲੇ
13-01-2014 ਲੋਹੜੀ ਤੇ ਮਾਘੀ

ਤਤਕਰਾ

ਸਮਰਪਣ 4

1. ਜਾਣਕਾਰੀ ਗੁਰਦੁਆਰਾ ਸਾਹਿਬਾਨ 6
2. ਲੋਹੜੀ ਇਤਿਹਾਸ ਖੋਜ 7
3. ਕਰਨਲ ਨਾਲ ਗੱਲ 10
4. "ਮਹਾਨ ਸਿੱਖ ਭਾਈ ਪਤੰਗ ਜੀ" 16
5. "ਲੋਹੜੀ ਦਾ ਇਤਿਹਾਸ" 22
6. ਸ੍ਰੀ ਮੁਕਤਸਰ ਸਾਹਿਬ 29
7. "ਮੱਥੇ ਦਾ ਦੋਸ਼ ਧੋਣ ਚੱਲੇ" 30
8. "ਸਿੱਖਾਂ ਦੀ ਸਿਆਣਪ" 32
9. "ਗੁਰੂ ਜੀ ਨੇ ਜਵਾਬ ਦਿੱਤਾ" 33
10. "ਸਾਥੋਂ ਇਹੋ ਜਿਹੀ ਸਿੱਖੀ ਨਹੀਂ ਨਿਭਣੀ" 34
11. "ਮਾਈ ਭਾਗੋ ਕੌਰ ਦੀ ਲਲਕਾਰ" 35
12. "ਅਣਖ ਤੇ ਗੈਰਤ ਜਾਗੀ" 35
13. "ਘਮਸਾਣ ਦਾ ਯੁੱਧ" 36
14. "ਸਿੰਘਾਂ ਨੂੰ ਵਰਦਾਨ" 37
15. "ਸ਼ਹੀਦ ਸਿੰਘਾਂ ਦੇ ਅੰਗੀਠੇ ਸੋਧੇ" 39
16. "ਕੁੱਝ ਭੁਲੇਖੇ ਦੂਰ ਕਰੋ" 40
17. "ਬੇਦਾਵੇ ਫੜਵਾ ਆਈਏ" 41
18. ਪੰਜ ਪਿਆਰੇ ਜੀਵਨ ਬਿਉਰਾ (ਪੰਜਾਬੀ) 42-43
19. पांच प्यारे जीवन बिओरा (हिन्दी) 44-45
20. Panj Piyare Biography (English) . . . 46-47
21. ਖੁਸ਼ਖਬਰੀ 48

ੴ ਸਤਿਗੁਰ ਪ੍ਰਸਾਦਿ

ਜਾਣਕਾਰੀ ਗੁਰਦੁਆਰਾ ਸਾਹਿਬਾਨ

1. ਸ੍ਰੀ ਦਰਬਾਰ ਸਾਹਿਬ ੧ ਮਾਘ ਸੰ: ੧੭੬੨ ਨੂੰ ਚਾਲੀ ਸਿੰਘਾਂ ਨੇ ਦਸ ਹਜ਼ਾਰ ਮੁਗਲ ਫੌਜ ਦਾ ਟਾਕਰਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸ੍ਰੀ ਦਸਮੇਸ਼ ਪਿਤਾ ਨੇ ਭਾਈ ਮਹਾਂ ਸਿੰਘ ਦੀ ਅੰਤਿਮ ਇੱਛਾ ਤੇ ਬੇਦਾਵਾ ਪਾੜ ਕੇ ਟੁੱਟੀ ਗੰਢੀ।
2. ਵਣ : ਇਹ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਹੈ, ਇਸ ਨਾਲ ਗੁਰੂ ਜੀ ਨੇ ਘੋੜਾ ਬੰਨ੍ਹਿਆ ਸੀ।
3. ਗੁ: ਤੰਬੂ ਸਾਹਿਬ : ਇਹ ਸਰੋਵਰ ਦੀ ਦੱਖਣੀ ਬਾਹੀ ਦੇ ਕੰਢੇ ਤੇ ਹੈ, ਇੱਥੇ ਸਿੰਘਾਂ ਨੇ ਝਾੜੀਆਂ ਉਤੇ ਚਾਦਰਾਂ ਪਾਕੇ ਦੁਸ਼ਮਣਾਂ ਨੂੰ ਸਿੰਘਾਂ ਦੀ ਭਾਰੀ ਗਿਣਤੀ ਦਾ ਸੰਕੇਤ ਦਿੱਤਾ। ਜੰਗ ਉਪਰੰਤ ਸ੍ਰੀ ਦਸ਼ਮੇਸ਼ ਜੀ ਨੇ ਇੱਥੇ ਆਪਣਾ ਤੰਬੂ ਲਗਵਾਇਆ ਸੀ।
4. ਗੁ: ਸ਼ਹੀਦ ਗੰਜ ਸਾਹਿਬ : ਸ੍ਰੀ ਦਰਬਾਰ ਸਾਹਿਬ ਦੇ ਪੱਛਮ ਵਾਲੇ ਦਰਵਾਜੇ ਦੇ ਸਾਹਮਣੇ ਹੀ ਹੈ, ਇੱਥੇ ਸ੍ਰੀ ਦਸਮੇਸ਼ ਜੀ ਨੇ ਚਾਲੀ ਮੁਕਤਿਆਂ ਦਾ ਆਪਣੇ ਹੱਥੀਂ ਅੰਤਿਮ ਸੰਸਕਾਰ ਕੀਤਾ।
5. ਗੁ: ਟਿੱਬੀ ਸਾਹਿਬ : ਇੱਥੋਂ ਪੌਣਾ ਕੁ ਮੀਲ ਪੱਛਮ ਵੱਲ ਸਹਿਰ ਦੇ ਪਾਰ ਹੈ, ਇੱਥੋਂ ਉਚੀ ਟਿੱਬੀ ਤੇ ਬੈਠ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਦੁਸ਼ਮਣਾਂ ਦੇ ਆਹੂ ਲਾਹੁੰਦਿਆਂ ਦੇਖਿਆ ਅਤੇ ਆਪ ਵੀ ਧਨੁੱਖ ਬਾਣ ਦੀ ਵਰਤੋਂ ਕੀਤੀ।
6. ਗੁ: ਰਕਾਬਸਰ ਸਾਹਿਬ : ਇਹ ਗੁ: ਟਿੱਬੀ ਸਾਹਿਬ ਤੋਂ ਅੱਧਾ ਕੁ ਫਰਲਾਂਗ ਸ਼ਹਿਰ ਵੱਲ ਨੂੰ ਹੈ, ਇੱਥੇ ਸ੍ਰੀ ਕਲਗੀਧਰ ਪਾਤਸ਼ਾਹ ਘੋੜੇ ਤੇ ਚੜ੍ਹਨ ਲੱਗੇ ਤਾਂ ਰਕਾਬ ਟੁੱਟ ਗਈ ਜੋ ਕਿ ਗੁ: ਸਾਹਿਬ ਵਿਖੇ ਸੰਗਤਾਂ ਦੇ ਦਰਸ਼ਨਾਂ ਲਈ ਮੌਜੂਦ ਹੈ।
7. ਗੁ: ਦਾਤਨਸਰ ਸਾਹਿਬ : ਗੁ: ਟਿੱਬੀ ਸਾਹਿਬ ਤੋਂ ਡੇਢ ਕੁ ਫਰਲਾਂਗ ਦੇ ਫਾਸਲੇ ਤੇ ਹੈ, ਇੱਥੇ ਸਤਿਗੁਰ ਜੀ ਨੇ ਅੰਮ੍ਰਿਤ ਵੇਲੇ ਦਾਤਨ ਕੀਤੀ ਸੀ।
8. ਗੁ: ਤਰਨਤਾਰਨ ਦੁੱਖ ਨਿਵਾਰਨ ਸਾਹਿਬ : ਇਹ ਬਠਿੰਡਾ ਰੋਡ ਤੇ ਇੱਥੋਂ ਪੌਣਾ ਕੁ ਮੀਲ ਦੀ ਵਿੱਥ ਤੇ ਹੈ, ਜਿਸ ਦੇ ਦਰਸ਼ਨ ਕਰਕੇ ਸੰਗਤਾਂ ਮਨ ਇੱਛੇ ਫਲ ਪ੍ਰਾਪਤ ਕਰਦੀਆਂ ਹਨ।

ਲੋਹੜੀ ਇਤਿਹਾਸ ਖੋਜ

ਲੋਹੜੀ ਇਕ ਹਰ ਸਾਲ ਆਉਣ ਵਾਲਾ ਤਿਉਹਾਰ ਹੈ, ਲੋਹੜੀ ਖੁਸ਼ੀ ਨਾਲ ਜੁੜੀ ਹੋਈ ਹੈ। ਲੋਹੜੀ ਨੂੰ ਵੇਖ ਕੇ ਪਤਾ ਲੱਗਦਾ ਕਿ ਵਾਹਿਗੁਰੂ ਜੀ ਨੇ ਇਸ ਪਰਿਵਾਰ ਵਿੱਚ ਪੁੱਤਰ ਦੀ ਦਾਤ ਬਖਸ਼ੀ ਹੈ। ਫਿਰ ਲੋਕ ਪਹਿਲਾ ਬੱਚਾ ਚਾਹੇ ਲੜਕੀ ਹੋਵੇ ਉਸਦੀ ਵੀ ਲੋਹੜੀ ਮਨਾਉਂਦੇ ਵੇਖਦੇ ਹਾਂ ਤਾਂ ਮਨ ਵਿੱਚ ਹੋਰ ਖੁਸ਼ੀ ਹੁੰਦੀ ਹੈ। ਪਰ ਇੱਕ ਬਜ਼ੁਰਗ ਮਾਤਾ ਨਾਲ ਬਚਨ ਕੀਤਾ ਤਾਂ ਪਤਾ ਲੱਗਾ ਕਿ ਜਿਹੜੇ ਪਹਿਲੀ ਲੜਕੀ ਜੰਮਣ ਨਾਲ ਲੋਹੜੀ ਜਗਾਉਂਦੇ (ਜਲਾਉਂਦੇ) ਹਨ ਉਹਨਾਂ ਦੇ ਘਰ ਅਗਲੇ ਸਾਲ ਪ੍ਰਮਾਤਮਾ ਸਪੁੱਤਰ ਦੀ ਦਾਤ ਜ਼ਰੂਰ ਬਖਸ਼ਦਾ ਹੈ। ਜਿਹੜੇ ਲੜਕੀ ਜੰਮਣ ਨਾਲ ਲੋਹੜੀ ਨਹੀਂ ਜਗਾਉਂਦੇ (ਜਲਾਉਂਦੇ) ਉਹਨਾਂ ਦੇ ਘਰ ਫਿਰ ਲੜਕੀ ਹੀ ਜਨਮ ਲਵੇਗੀ।

ਉਸ ਮਾਤਾ ਨੇ ਪੂਰੀ ਦਲੀਲ ਨਾਲ ਗੱਲ ਕੀਤੀ ਕਿ ਮੇਰੇ ਭਰਾ ਨੇ ਪਹਿਲੀ ਲੜਕੀ ਜੰਮਣ ਤੇ ਸੋਗ ਕੀਤਾ ਤੇ ਲੋਹੜੀ ਨਹੀਂ ਮਨਾਈ। ਅਗਲੇ ਸਾਲ ਫਿਰ ਲੜਕੀ ਜੰਮ ਪਈ, ਫਿਰ ਮੈਂ ਆਖਿਆ ਵੀਰ ਇਸ ਵਾਰ ਲੋਹੜੀ ਮਨਾਉਂਦੇ ਹਾਂ। ਜੇ ਲੜਕਾ ਚਾਹੀਦਾ ਹੈ ਤਾਂ ਉਸਨੇ ਮੰਨ ਲਿਆ ਤੇ ਘਰ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ। ਖੁਸ਼ੀ ਮਨਾਈ ਤੇ ਲੋਹੜੀ ਜਲਾਈ। ਹੁਣ ਤੁਸੀਂ ਵੇਖ ਲਵੋ ਉਸ ਤੋਂ ਬਾਅਦ ਦੋ ਮੁੰਡੇ ਜਨਮੇਂ ਹੁਣ ਦੋ ਕੁੜੀਆਂ ਤੇ ਦੋ ਮੁੰਡੇ ਹਨ। ਭਾਵ ਮਗਰ ਭੁੱਖ ਲੜਕੇ ਦੀ ਸੀ, ਚਾਹੇ ਜੰਮਣ ਤੋਂ ਬਾਅਦ ਲੋਹੜੀ ਜਗਾਈ ਜਾਵੇ, ਚਾਹੇ ਜੰਮਣ ਤੋਂ ਪਹਿਲੇ ਲੋਹੜੀ ਜਲਾਈ ਜਾਵੇ।

ਫਿਰ ਇਸ ਤੋਂ ਅਗਲੇ ਸੂਚਕ, ਕਈਆਂ ਦੇ ਵਿਆਹ ਤੋਂ ਬਾਅਦ ਲੋਹੜੀ ਮਨਾਈ ਜਾਂਦੀ ਵੀ ਵੇਖੀ ਹੈ। ਕਹਿੰਦੇ ਹਨ ਸਾਡੇ ਵਿਆਹ ਤੋਂ ਬਾਅਦ ਲੋਹੜੀ ਇਸ ਵਾਸਤੇ ਮਨਾਈ ਹੈ ਕਿ ਵਾਹਿਗੁਰੂ ਕਿਰਪਾ ਕਰੇ ਕਿ ਅਗਲੇ ਸਾਲ ਪੁੱਤਰ

ਹੋਵੇ ਫਿਰ ਅਸੀਂ ਲੋਹੜੀ ਮਨਾਈਏ, ਜ਼ਿਆਦਾ ਤਰ ਸਪੁੱਤਰ ਨਾਲ ਹੀ ਇਹ ਲੋਹੜੀ ਨੂੰ ਜੋੜਿਆ ਵੇਖਿਆ ਹੈ।

ਮਨ ਵਿੱਚ ਇਕ ਵਿਚਾਰ ਹਮੇਸ਼ਾ ਗੂੰਜਦਾ ਸੀ ਕਿ ਇਹ ਤਿਉਹਾਰ ਲੋਹੜੀ ਦਾ ਕਿੱਥੋਂ ਆਰੰਭ ਹੋਇਆ, ਫਿਰ ਵੇਖਿਆ ਕਿ ਪੂਰੇ ਹਿੰਦੁਸਤਾਨ ਵਿੱਚ ਹਰ ਧਰਮ ਵਾਲਾ, ਹਿੰਦੂ, ਮੁਸਲਮਾਨ ਸਿੱਖ ਈਸਾਈ ਬਲਕਿ ਹੁਣ ਵਿਦੇਸ਼ਾਂ ਵਿੱਚ ਵੀ ਲੋਹੜੀ ਮਨਾਈ ਜਾਂਦੀ ਹੈ। ਫਿਰ ਸੋਚਿਆ ਕਿਤੇ ਇਹ ਵੀ ਕਿਤੇ ਭੇਡ[1]-ਚਾਲ ਤਾਂ ਨਹੀਂ ਕਿ ਵੇਖਾ-ਵੇਖੀ ਸਭ ਪਾਸੇ ਫੈਲ ਗਈ ਹੋਵੇ। ਕਿਉਂਕਿ ਪੁੱਤਰ ਤਾਂ ਸਭ ਨੂੰ ਚਾਹੀਦੇ ਹਨ। ਇਹ ਤਰੀਕਾ ਪੁੱਤਰ ਪ੍ਰਾਪਤੀ ਦਾ ਸਮਝ ਲਿਆ ਹੋਵੇ, ਜਾਂ ਪੁੱਤਰ ਦੇ ਜੰਮਣ ਤੇ ਇਹ ਖੁਸ਼ੀ ਦਾ ਇਜ਼ਹਾਰ ਕਰਨ ਦਾ ਤਰੀਕਾ ਸਭ ਨੂੰ ਪਸੰਦ ਆ ਗਿਆ ਹੋਵੇ, ਚਲੋ ਘਰ ਵਿੱਚ ਲੱਕੜ-ਤੀਵੜ (ਫਾਲਤੂ ਲੱਕੜ) ਵਾਧੂ ਹੁੰਦਾ ਹੈ ਇਸ ਬਹਾਨੇ ਸਫਾਈ ਹੋ ਜਾਂਦੀ ਹੈ।

ਫਿਰ ਇਸ ਲੋਹੜੀ ਤਿਉਹਾਰ ਦੀ ਖੋਜ ਆਰੰਭ ਹੋਈ, ਬਹੁਤ ਤਦਾਦ ਵਿੱਚ ਪੁੱਛਣਾ ਆਰੰਭ ਕੀਤਾ ਪਰ ਕੋਈ ਤਸੱਲੀ ਬਖਸ਼ ਜਵਾਬ ਨਹੀਂ ਮਿਲਿਆ। ਫਿਰ ਇੱਕ ਲੋਹੜੀ ਆਈ ਤਾਂ ਛੋਟੇ-ਛੋਟੇ ਬੱਚੇ ਇੱਕ ਗੀਤ ਗਾ ਰਹੇ ਸਨ।

ਸੁੰਦਰ ਮੁੰਦਰੀਏ ਹੋ,
ਤੇਰਾ ਕੌਣ ਵਿਚਾਰਾ ਹੋ,
ਦੁੱਲਾ ਭੱਟੀ ਵਾਲਾ ਹੋ

ਦੁੱਲੇ ਧੀ ਵਿਆਹੀ ਹੋ,
ਸ਼ੇਰ ਸ਼ੱਕਰ ਪਾਈ ਹੋ,
ਸੋਹਣਾ ਕਾਜ ਰਚਾਇਆ ਹੋ,

[1]ਪੁਸਤਕ, ਤਵਰੀਖ-ਏ ਰਾਜਸਥਾਨ ਪੰਨਾ 186,

1. ਰਾਜਾ ਸ਼ਮਸ਼ੇਰ ਸਿੰਘ ਰਾਜਪੂਤ ਇੱਕ ਵਾਰੀ ਰਾਜਸਥਾਨ ਤੋਂ ਗੁਜਰਾਤ ਵਿਚ ਦੀ ਲੰਘ ਰਿਹਾ ਸੀ। ਤਾਂ ਅਸਥਾਨੀ ਲੋਕਾਂ ਨੇ ਉਸਨੂੰ ਡੰਡਿਆਂ ਨਾਲ ਘੇਰ ਲਿਆ ਪਹਿਲੇ ਤਾਂ ਉਸਨੂੰ ਗੁੱਸਾ ਆਇਆ ਕਿ ਸਭ ਦਾ ਮਲੀਆ ਮੇਟ ਕਰ ਦੇਵਾ ਫਿਰ ਜਦੋਂ ਉਹ ਸਾਰੇ ਮਾਫੀ ਮੰਗਣ ਲੱਗੇ ਤਾਂ ਰਾਜੇ ਨੇ ਆਖਿਆ, ਗੋਲ ਗੋਲ ਟੋਲੀਆਂ ਬਣਾਵੋ, ਤੇ ਡੰਡੇ ਵਿਚ ਡੰਡੇ ਮਾਰਦੇ ਵਾਪਸ ਮੁੜੋ, ਨਹੀਂ ਤਾਂ ਤੀਰਾਂ ਤੇ ਘੋੜੀਆਂ ਤੇ ਹਾਥੀਆਂ ਦੇ ਪੈਰਾਂ ਥੱਲੇ, ਦੇ ਕੇ ਮਾਰ ਦੇਵਾਂਗਾ ਇਹ ਸਭ ਡਰਦੇ ਹੋਏ ਡੰਡੇ ਵਿਚ ਡੰਡਾ ਮਾਰਦੇ ਨੱਠ ਗਏ, ਉਥੋਂ ਡਾਂਡੀਆਂ ਨਾਚ ਆਰੰਭ ਹੋਇਆ ਸੀ ਹੁਣ ਧਰਮ ਨਾਲ ਜੋੜ ਦਿੱਤਾ ਹੈ।

ਸੱਚ ਕਾਰ ਕਮਾਈ ਹੋ,

ਦੁੱਲੇ ਜੱਗ ਰੋਸ਼ਨਾਈ ਹੋ,

ਬਦੀਆਂ ਛੱਡ ਨੇਕੀ ਪਾਈ ਹੋ,

ਇਸ ਤਰ੍ਹਾਂ ਗੀਤ ਤਾਂ ਹੋਰ ਵੀ ਬਹੁਤ ਸੁਣੇ, ਜਿਵੇਂ ਦੇਹ ਮਾਈ ਲੋਹੜੀ, ਜੀਵੇ ਤੇਰੀ ਜੋੜੀ, ਮਾਈ ਤੇਰੇ ਵਿਹੜੇ ਵਿੱਚ ਪਤਾਸਾ, ਤੇਰੀ ਪੂਰੀ ਹੋਵੇ ਆਸਾ, ਇਸ ਤਰ੍ਹਾਂ ਗੀਤਾਂ ਵਿੱਚ ਸੰਸਾਰਿਕ ਲੋੜਾਂ ਲੋਹੜੀ ਵੇਲੇ ਮਿਲਣ ਵਾਲਾ ਪ੍ਰਸਾਦਿ ਹੀ ਸੀ।

ਪਰ ਖੋਜ ਆਰੰਭ ਕੀਤੀ ਕਿ ਦੁੱਲਾ ਭੱਟੀ ਕੌਣ ਹੈ ਜਿਸਦਾ ਜੱਸ ਸਦੀਆਂ ਤੋਂ ਗਾਇਆ ਜਾਂਦਾ ਹੈ। ਤੇ ਸੁੰਦਰੀ ਤੇ ਮੁੰਦਰੀ ਕੌਣ ਹੈ, ਸਿਆਣੇ ਆਖਦੇ ਹਨ ਕਿਸੇ ਵੀ ਕੰਮ ਦੀ ਖੋਜ ਆਰੰਭ ਕਰੋ ਇੱਕ ਨਾ ਇੱਕ ਦਿਨ ਤੁਸੀਂ ਮੰਜ਼ਿਲ ਤੇ ਜ਼ਰੂਰ ਪਹੁੰਚ ਜਾਵੋਗੇ।

ਇੱਕ ਵਾਰੀ ਦਾਸ ਰੇਲ ਗੱਡੀ ਵਿੱਚ ਸਫ਼ਰ ਕਰ ਰਿਹਾ ਸੀ ਤਾਂ ਸਫਰ ਵਿੱਚ ਸ਼੍ਰੋਮਣੀ ਢਾਡੀ ਗੁਰਮੇਜ ਸਿੰਘ ਬਾਦਲ ਮਿਲੇ ਤਾ ਵਿਚਾਰ-ਚਰਚਾ ਆਰੰਭ ਹੋਇਆ।

ਜਿਉਂ ਕੇਲੇ ਕਾ ਪਾਤ ਪੇ ਪਾਤ,

ਤਿਉਂ ਗਿਆਨੀ ਕੀ ਬਾਤ ਪੇ ਬਾਤ,

ਗਿਆਨੀ ਸੇ ਗਿਆਨੀ ਮਿਲੇ,

ਕਰੇ ਗਿਆਨ ਕੀ ਬਾਤ,

ਗਧੇ ਸੇ ਗਧਾ ਮਿਲੇ,

ਹੋ ਜਾਏ ਦੋ ਦੋ ਲਾਤ,

ਬਾਦਲ ਸਾਹਿਬ ਨਾਲ ਗਿਆਨ ਗੋਸ਼ਟੀ ਅਰੰਭ ਹੋਈ ਤਾਂ ਦੁੱਲਾ ਭੱਟੀ ਦੀ ਗੱਲ ਚੱਲੀ ਤਾਂ ਉਹਨਾਂ ਦੱਸਿਆ ਕਿ ਅਕਬਰ ਬਾਦਸ਼ਾਹ ਦੇ ਆਲਾ ਵਜੀਰਾ

ਵਿੱਚੋਂ ਇੱਕ ਵਜ਼ੀਰ ਸੀ ਰਾਏ ਸੰਦਲ ਭੱਟੀ ਬਹੁਤ ਨੇਕ ਇਨਸਾਨ ਸੀ ਇਮਾਨਦਾਰ ਸੀ। ਉਸਦਾ ਪੁੱਤਰ ਰਾਏ ਜਮਸ਼ੇਦ ਭੱਟੀ (ਫਰੀਦ ਖਾਨ) ਵੀ ਆਪਣੇ ਪਿਤਾ ਦੀ ਤਰ੍ਹਾਂ ਲੋਕਾਂ ਦੀ ਸੇਵਾ ਕਰਕੇ ਸਭ ਦਾ ਦਿਲ ਜਿੱਤ ਲੈਂਦਾ ਸੀ। ਉਧਰ ਅਕਬਰ ਦੇ ਤਿੰਨ ਪੁੱਤਰ ਪਹਿਲਾ ਮੁਰਾਦ, ਦੂਜਾ ਦਾਨੀਆਲ ਤੇ ਤੀਜਾ ਸਲੀਮ (ਜਹਾਂਗੀਰ) ਜੋ ਬਹੁਤ ਜ਼ਾਲਮ ਸੀ। ਉਸਨੂੰ ਤਖਤ ਉਤੇ ਬੈਠਣ ਦਾ ਬਹੁਤ ਸ਼ੌਂਕ ਸੀ। ਸੱਤਾ ਹਾਸਿਲ ਕਰਨ ਵਾਸਤੇ ਉਹ ਕੁੱਝ ਵੀ ਕਰ ਸਕਦਾ ਸੀ ਤੇ ਇਕ ਨੰਬਰ ਦਾ ਸ਼ਰਾਬੀ ਸੀ। ਅਕਬਰ ਤੇ ਬੁਢੇਪਾ ਆਇਆ। ਉਸਦੀ ਜਵਾਨੀ ਖਤਮ ਹੋ ਰਹੀ ਸੀ। ਘਬਰਾਏ ਹੋਏ ਨੇ ਅਕਬਰ ਦੇ ਜਿਊਂਦੇ ਹੀ ਬਗਾਵਤ ਕਰ ਦਿੱਤੀ ਚਾਹੇ ਰਾਜ ਲੈਣ ਵਿੱਚ ਸਫਲ ਤਾਂ ਨਹੀਂ ਹੋਇਆ। ਪਰ ਅਕਬਰ ਦੇ ਹਮੈਤੀਆਂ ਨੂੰ ਦੁਸ਼ਮਣ ਦੀ ਨਜ਼ਰ ਨਾਲ ਵੇਖਣ ਲੱਗਾ, ਇਸੇ ਹੀ ਦੌਰਾਨ ਰਾਏ ਜਮਸ਼ੇਦ ਭੱਟੀ (ਫਰੀਦ ਖਾਨ) ਦਾ ਘਰ-ਘਾਟ ਇਸਨੇ ਖਰਾਬ ਕਰ ਦਿੱਤਾ। ਅਖੀਰ ਇਸ ਪਾਪੀ ਸਲੀਮ ਨੇ ਭੱਟੀਆਂ ਨੂੰ ਡਾਕੂ ਲੁਟੇਰੇ ਬਣਾ ਦਿੱਤਾ।

ਰਾਏ ਜਮਸ਼ੇਦ ਭੱਟੀ (ਫਰੀਦ ਖਾਨ) ਦਾ ਪੁੱਤਰ ਸੀ ਰਾਏ ਦੁੱਲਾ ਭੱਟੀ ਜਿਸਨੇ ਜੁਆਨੀ ਵਿੱਚ ਪੈਰ ਰੱਖਦਿਆਂ ਭੈੜੇ, ਕੰਮ ਸ਼ੁਰੂ ਕੀਤੇ ਤੇ ਦਿਨ-ਬ-ਦਿਨ ਇਸ ਪਾਪ ਦੀ ਦੁਨੀਆਂ ਵਿੱਚ ਧੱਸਦਾ ਗਿਆ। ਫਿਰ ਭਾਈ ਪਤੰਗ ਜੀ ਦਾ ਮਿਲਾਪ ਹੋਇਆ ਫਿਰ ਬਦੀਆਂ ਛੱਡ ਕੇ ਨੇਕੀਆਂ ਵੱਲ ਚੱਲਿਆ।

ਫਿਰ ਇਸ ਤਰ੍ਹਾਂ ਹੋਰ ਵੀ ਕਈ ਵਿਦਵਾਨਾਂ ਨਾਲ ਵਿਚਾਰ ਕਰਕੇ ਇਹ ਹਾਕਾ ਸਾਹਮਣੇ ਆਇਆ ਜੋ ਆਪ ਜੀ ਪੜ੍ਹੋਗੇ।

ਕਰਨਲ ਨਾਲ ਗੱਲ

ਦਾਸ ਕੀਰਤਨ ਦੀ ਸੇਵਾ ਵਿੱਚ ਗੁਰਦੁਆਰਾ 1947 ਸ਼ਹੀਦਾ ਮਾਡਲ ਟਾਊਨ ਵਿੱਚ ਲੋਹੜੀ ਦਾ ਇਤਿਹਾਸ ਸੁਣਾਇਆ। ਇੱਥੇ ਇੱਕ ਸੰਗਤ ਵਿੱਚ

ਹਾਜ਼ਰੀ ਭਰਨ ਵਾਲੇ ਕਰਨਲ ਗੁਰਚਰਨ ਸਿੰਘ ਬਹਿਲ ਜੀ ਆਪਣੀ ਫੌਜ ਦੀ ਸਰਵਿਸ ਵਿੱਚ ਸਨ ਤੇ ਉਹਨਾਂ ਦਾ ਗੁਰੂ ਘਰ ਨਾਲ ਪਿਆਰ ਸੀ। ਇਸ ਲਈ ਪੰਜਾਬ ਅਤੇ ਪਾਕਿਸਤਾਨ ਦੇ ਹਰ ਧਰਮ ਅਸਥਾਨ ਦੀ ਆਪ ਜੀ ਨੂੰ ਜਾਣਕਾਰੀ ਹੈ। ਗੁਰੂ ਇਤਿਹਾਸ ਤੇ ਸਿੱਖ ਇਤਿਹਾਸ ਨਾਲ ਵੀ ਦਿਲ ਤੋਂ ਪਿਆਰ ਕਰਦੇ ਹਨ।

ਇੱਕ ਵਾਰੀ ਸ੍ਰੀ ਗੁਰੂ ਰਾਮ ਦਾਸ ਸੋਢੀ ਸੁਲਤਾਨ ਜੀ ਦਾ ਪ੍ਰਕਾਸ਼ ਦਿਹਾੜਾ ਅਸੀਂ ਮਨਾ ਰਹੇ ਸੀ ਤਾਂ ਦਾਸ ਨੇ ਜਿੱਥੇ ਗੁਰੂ ਰਾਮ ਦਾਸ ਜੀ ਦੀ ਜੀਵਨੀ ਸੰਗਤਾਂ ਵਿੱਚ ਵਰਨਣ ਕੀਤੀ। ਉਸ ਵਿੱਚ ਵਿਚਾਰ ਕਰਦਿਆਂ ਦੱਸਿਆ ਕਿ ਜਿਸ ਸਮੇਂ 24 ਸਤੰਬਰ 1534 ਸੰਨ ਵਿੱਚ ਗੁਰੂ ਰਾਮ ਦਾਸ ਜੀ ਦਾ ਪ੍ਰਕਾਸ਼ ਹੋਇਆ ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਮਰ 65 ਸਾਲ ਸੀ, ਗੁਰੂ ਅੰਗਦ ਦੇਵ ਜੀ ਦੀ ਉਮਰ 30 ਸਾਲ ਸੀ, ਗੁਰੂ ਅਮਰਦਾਸ ਜੀ ਦੀ ਉਮਰ 55 ਸਾਲ ਸੀ ਤੇ ਚਾਰੇ ਪਾਤਸ਼ਾਹੀਆਂ ਸੀ ਵੀ ਬਿਲਕੁੱਲ ਕੋਲ ਕੋਲ ਗੁਰੂ ਨਾਨਕ ਦੇਵ ਜੀ ਕਰਤਾਰਪੁਰ, ਗੁਰੂ ਅੰਗਦ ਦੇਵ ਜੀ ਖੰਡੂਰ ਸਾਹਿਬ, ਗੁਰੂ ਅਮਰਦਾਸ ਜੀ ਨਗਰ ਬਾਸਰਕੇ ਤੇ ਗੁਰੂ ਰਾਮਦਾਸ ਜੀ ਲਾਹੌਰ ਚੂਨਾ ਮੰਡੀ, ਚਾਰ ਪਾਤਸ਼ਾਹੀਆਂ ਇੱਕ ਸਮੇਂ ਵਿੱਚ ਹੋਈਆਂ। ਪਰ ਦਰਸ਼ਨ ਸੰਗਤਾਂ ਨੂੰ ਸਮੇਂ-ਸਮੇਂ ਹੋਏ ਹਨ।

ਅਗਲੇ ਦਿਨ ਕਰਨਲ ਗੁਰਚਰਨ ਸਿੰਘ ਜੀ ਇੱਕ ਫੌਜੀ ਨਕਸ਼ਾ ਜੋ ਬਹੁਤ ਪੁਰਾਣਾ ਸੀ, ਲੈ ਕੇ ਆਏ। ਉਸ ਵਿੱਚ ਇਹਨਾਂ ਚਾਰੇ ਅਸਥਾਨਾਂ ਦੇ ਦਰਸ਼ਨ ਕਰਵਾਏ ਕਿ ਕਿਵੇਂ ਕੋਲ ਕੋਲ ਸੀ। ਦਰਸ਼ਨ ਕਰਕੇ ਮਨ ਗੱਦ-ਗੱਦ ਹੋਇਆ। ਇਸ ਤਰ੍ਹਾਂ ਫਿਰ ਦੁੱਲਾ ਭੱਟੀ ਦੀ ਜਾਣਕਾਰੀ ਵਿੱਚ ਵਾਧਾ ਕੀਤਾ। ਜਨਵਰੀ 8 ਸੰਨ 2012 ਦਾ ਅਖਬਾਰ ਟ੍ਰਿਬਿਊਨ ਇੰਗਲਿਸ਼ ਵਿੱਚ ਸਲਮਾਨ ਰਸ਼ੀਦ ਦੀ ਰਿਪੋਰਟ ਲਾਹੌਰ ਦੇ ਗੇਟਾ (ਦਰਵਾਜ਼ੇ) ਦੀ ਜਾਣਕਾਰੀ ਜੋ ਮੇਰੇ ਵਾਸਤੇ ਬਹੁਤ

ਕੀਮਤੀ ਸਾਬਤ ਹੋਈ ਮੇਰੀ ਖੋਜ ਨੂੰ ਨਵਾਂ ਮਾਰਗ ਮਿਲਿਆ, ਇਹ ਕਿਰਪਾ ਵੀ ਕਰਨਲ ਸਾਹਿਬ ਨੇ ਕੀਤੀ, ਉਹ ਅਖਬਾਰ ਲੱਭ ਕੇ ਮੈਨੂੰ ਦਿੱਤਾ।

ਬਾਦਸ਼ਾਹ ਅਕਬਰ ਨੇ ਲਾਹੌਰ ਤੇ 1557 ਵਿੱਚ ਰਾਜ ਕੀਤਾ। ਉਸ ਸਮੇਂ ਸ਼ਹਿਰ ਦੀ ਸੁਰੱਖਿਆ ਨੂੰ ਮੁੱਖ ਰੱਖ ਕੇ ਆਵਾਜਾਈ ਦੇ ਰਸਤਿਆਂ ਤੇ ਤੇਰਾਂ ਗੇਟ (ਦਰਵਾਜ਼ੇ) ਲਗਾਏ। ਫਿਰ ਉਹਨਾਂ ਦੇ ਨਾਮ ਵੀ ਉਸ ਇਲਾਕੇ ਵਿੱਚ ਵਸਣ ਵਾਲੇ ਲੋਕਾਂ ਦੇ ਨਾਮ ਨਾਲ ਰੱਖੇ ਜਾਂ ਉਹ ਰਸਤਾ ਕਿਧਰ ਨੂੰ ਜਾਂਦਾ ਹੈ। ਨਾਮ ਦਿੱਤੇ। ਜਿਵੇਂ ਲਾਹੌਰੀ ਗੇਟ (ਦਰਵਾਜ਼ਾ) ਇਸ ਇਲਾਕੇ ਵਿੱਚ ਲੋਹਾ ਕੁੱਟਣ ਵਾਲੇ ਲੋਹਾਰ ਰਹਿੰਦੇ ਸਨ। ਫਿਰ ਕਸ਼ਮੀਰੀ ਗੇਟ ਇਹ ਰਸਤਾ ਕਸ਼ਮੀਰ ਵੱਲ ਜਾਂਦਾ ਸੀ। ਫਿਰ ਦਿੱਲੀ ਦਰਵਾਜਾ, ਇਹ ਸ਼ਾਹੀ ਫੌਜ ਵਾਸਤੇ ਆਉਣ ਜਾਣ ਦਾ ਰਸਤਾ ਸੀ। ਸ਼ੇਰਾਂ ਵਾਲਾ ਗੇਟ, ਇਸ ਰਸਤੇ ਇੱਕ ਵਾਰੀ ਦੋ ਜਿੰਦਾ ਸ਼ੇਰ ਅੰਦਰ ਆ ਗਏ ਸਨ। ਇਸ ਤਰ੍ਹਾਂ ਦਰਵਾਜ਼ੇ ਤਾਂ ਤੇਰਾਂ ਹਨ ਪਰ ਉਹਨਾਂ ਵਿੱਚੋਂ ਇੱਕ ਦਰਵਾਜ਼ਾ ਮੇਰੇ ਵਾਸਤੇ ਕੀਮਤੀ ਹੈ। ਰਾਏ ਸੰਦਲ ਭੱਟੀ ਗੇਟ ਜਿਸਦੀ ਫੋਟੋ ਤੁਸੀਂ ਬਾਹਰ ਪੁਸਤਕ ਤੇ ਵੇਖ ਰਹੇ ਹੋ।

ਇਹ ਤੇਰਾਂ ਦਰਵਾਜ਼ੇ ਬਾਦਸ਼ਾਹ ਅਕਬਰ ਨੇ ਤਿਆਰ ਕੀਤੇ ਸਨ ਤੇ ਇਹ ਗੇਟ ਬਹੁਤ ਉਚੇ ਤੇ ਚੌੜੇ ਸਨ ਇਹਨਾਂ ਤੇ ਕਈ ਗੀਤ ਵੀ ਬਣੇ।

"ਉਚਰੇ ਬੁਰਜ ਲਾਹੌਰ ਦੇ ਹੇਠ ਵਗਦੇ, ਦਰਿਆ ਵੇ ਮਾਹੀਆ"

ਇਹਨਾਂ ਦਰਵਾਜ਼ਿਆਂ ਦੇ ਬੁਰਜ ਬਹੁਤ ਉਚੇ ਸਨ, ਦਰਿਆ ਰਾਵੀ ਵਰਗੇ ਕੋਲ ਦੀ ਵਗਦੇ ਸਨ, ਬਾਅਦ ਵਿੱਚ ਰਾਵੀ ਨੇ ਆਪਣਾ ਰਸਤਾ ਬਦਲ ਦਿੱਤਾ ਸੀ। ਇਹਨਾਂ ਗੇਟਾਂ ਤੇ ਖੁਫੀਆ ਰਸਤੇ ਵੀ ਹੁੰਦੇ ਸਨ ਉਹਨਾਂ ਸੁਰੰਗਾਂ ਵਿੱਚ ਦੀ ਘੋੜੇ ਲੰਘ ਜਾਂਦੇ ਸਨ। ਸਹੀ ਮਾਲਕ ਨਾ ਮਿਲਣ ਕਰਕੇ ਇਹ ਕੀਮਤੀ ਸਰਮਾਇਆ ਮਿੱਟੀ ਵਿੱਚ ਰੁਲ ਗਿਆ।

ਫਿਰ ਸਮੇਂ ਨੇ ਕਰਵਟ (ਤਬਦੀਲੀ) ਬਦਲੀ 1812 ਵਿੱਚ ਮਹਾਰਾਜਾ

ਰਣਜੀਤ ਸਿੰਘ ਨੇ ਇਹ ਦਰਵਾਜ਼ੇ (ਗੇਟ) ਫਿਰ ਤੋਂ ਉਸਾਰੇ ਜੋ ਸਾਨੂੰ ਅੱਜ ਤੱਕ ਦਰਸ਼ਨ ਦੇ ਰਹੇ ਹਨ। ਲਾਹੌਰ ਵਿੱਚ ਹੋਰ ਹਵੇਲੀਆਂ ਵੀ ਹਨ। ਮਹਾਰਾਜਾ ਸਾਹਿਬ ਨੇ ਉਸਾਰੀਆਂ ਹਨ। ਉਹਨਾਂ ਉਪਰ ਕੀਮਤੀ ਚਿੱਤਰਕਾਰੀ ਕੀਤੀ ਹੈ। ਅੱਜ ਉਹ ਵੀ ਨਿਖਸਮੀਆਂ ਹੋਈਆਂ ਖੜੀਆਂ ਹਨ।

ਲਾਹੌਰ ਸ਼ਹਿਰ ਵਿੱਚ ਗੁਰੂ ਸਾਹਿਬਾਨਾਂ ਤੇ ਸਿੱਖਾਂ ਦਾ ਇਤਿਹਾਸ ਇਸ ਵਾਸਤੇ ਰੁਲ ਗਿਆ ਕਿ ਦੇਸ਼ਾਂ ਦੀਆਂ ਵੰਡੀਆਂ ਪੈ ਗਈਆਂ। ਪਰ ਇੱਕ ਪੂਰਨ ਮਹਾਨ ਪੁਰਸ਼ ਬ੍ਰਹਮ ਗਿਆਨੀ, ਸ਼ੇਖ ਮੁਹੰਮਦ ਮੀਰ ਸ਼ਾਹ (ਸਾਈ ਮੀਆਂ ਮੀਰ) ਜਿਨ੍ਹਾਂ ਦਾ ਜਨਮ 08-07-1550 ਸੰਨ ਵਿੱਚ ਹੋਇਆ ਤੇ ਦੇਹਾਂਤ ਲਾਹੌਰ ਨੇੜੇ ਹਾਸ਼ਮਪੁਰੇ 1 ਅਗਸਤ 1635 ਸੰਨ ਵਿੱਚ ਹੋਇਆ ਜਿਸ ਮਹਾਂਪੁਰਸ਼ ਨੇ ਆਪਣੀ ਸਾਰੀ ਉਮਰ 85 ਸਾਲ 10 ਮਹੀਨੇ 3 ਦਿਨ ਸੱਚ ਦਾ ਉਪਦੇਸ਼ ਦਿੱਤਾ, ਨੇਕੀਆਂ ਦਾ ਮਾਰਗ ਦਿੱਤਾ ਉਹਨਾਂ ਦੀਆਂ ਯਾਦਾਂ ਵਿੱਚ ਮਾਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਵਿੱਚ ਮਕਬਰੇ ਤੇ ਹਵੇਲੀਆਂ ਬਣਾਈਆਂ ਅੱਜ ਉਥੇ ਬੱਕਰੀਆਂ ਭੇਡਾਂ ਬੰਨ੍ਹ ਕੇ ਤੇ ਹਰ ਸਾਲ ਬਕਰੀਦ ਮਨਾਈ ਜਾਂਦੀ ਹੈ।

ਲਾਹੌਰ ਦੀ ਜਾਣਕਾਰੀ ਦੇਣ ਯੋਗ ਤਾ ਬਹੁਤ ਹੈ ਪਰ ਇੱਥੇ ਲੋਹੜੀ ਬਾਰੇ ਦੱਸਣਾ ਹੈ। ਰਾਏ ਸੰਦਲ ਭੱਟੀ ਦਰਵਾਜ਼ਾ, ਇਸ ਪਾਸੇ ਨਗਰ ਭੱਟੀ ਦੀ ਜ਼ਮੀਨ ਬਹੁਤ ਸੀ ਸਹਿਜੇ-ਸਹਿਜੇ ਉਹ ਸਾਰੀਆਂ ਮਿੱਠੀਆਂ ਯਾਦਾਂ ਖਤਮ ਹੁੰਦੀਆਂ ਗਈਆਂ ਤੇ ਨਵੀਆਂ ਬਣਦੀਆਂ ਗਈਆਂ। ਭੱਟੀ ਪਿੰਡ ਵਿੱਚ ਦਾਤਾ ਗੰਜ ਬਖਸ਼, ਫਿਰ ਰਾਏ ਬਹਾਦਰ ਮੇਲਾ ਰਾਮ, ਨੇ ਯਾਦਾਂ ਬਣਾਈਆਂ ਤੇ ਬੜਾ ਵੱਡਾ ਮੇਲਾ ਭਰਦਾ ਸੀ, ਉਹ ਵੀ 1880 ਸੰਨ ਤੱਕ ਚਲੀਆਂ।

ਫਿਰ ਹੱਕੀਮਾਨ ਬਜਾਰ ਲੱਗਣ ਲੱਗਾ, ਇਸ ਵਿੱਚ ਪੁਰਾਤਨ ਇਤਿਹਾਸਕ ਪੁਸਤਕਾਂ, ਚਿੱਤਰ ਕਲਾ, ਯੁੱਧ ਕਲਾ ਦੇ ਸ਼ਸਤਰ, ਸੰਗੀਤ ਕਲਾ

ਦੇ ਸਾਰੇ ਸਾਜ਼ਾਂ, ਮਨੁੱਖਤਾ ਦੀ ਹਰ ਚੀਜ ਇਸ ਥਾਂ ਤੋਂ ਮਿਲਦੀ ਸੀ ਫਿਰ ਉਹ ਵੀ ਉਨੀਵੀਂ ਤੇ ਵੀਹਵੀਂ ਸੱਦੀ ਤੋਂ ਪਹਿਲੇ ਪਹਿਲੇ ਸਮਾਪਤ ਹੋ ਗਈ। ਹੁਣ ਤਾਂ ਕੇਵਲ ਇਹ ਦਰਵਾਜ਼ਾ (ਗੇਟ) ਹੀ ਬਾਕੀ ਹੈ ਜੋ ਰਾਏ ਸੰਦਲ ਭੱਟੀ ਤੇ ਉਸਦੇ ਪੋਤਰੇ ਦਾ ਹੀਰੋ ਪੰਜਾਬੀ ਦੁੱਲਾ ਭੱਟੀ ਯਾਦਾਂ ਸੰਭਾਲੀ ਬੈਠਾ ਹੈ। ਉਹ ਵੀ ਸਮੇਂ ਦੀ ਚੱਕੀ ਨੇ ਮਿਟਾ ਦੇਣੀਆਂ ਹਨ। ਹੁਣ ਉਸਦੀ ਹਾਲਤ ਖਸਤਾ ਹੋਈ ਖਲੋਤੀ ਹੈ।

ਅੱਜ ਦੇ ਜੁੱਗ ਵਿੱਚ ਨਵ ਜੰਮੀ ਪੀੜ੍ਹੀ ਪੁਰਾਤਨ ਪੁਸਤਕਾਂ ਨਹੀਂ ਪੜ੍ਹ ਸਕਦੀ ਪਰ ਉਹਨਾਂ ਨੂੰ ਸ੍ਰੀਮਾਨ ਨੈਟ ਬਾਬਾ ਜੀ ਲੱਭ ਗਏ ਹਨ ਉਹ ਆਖਦੇ ਹਨ ਜੋ ਨੈਟ ਤੇ ਹੈ ਉਹ ਠੀਕ ਹੈ। ਇਸ ਵਾਸਤੇ ਨੈਟ ਤੋਂ ਮਿਲਿਆ ਮੈਟਰ ਜੋ ਠੀਕ ਸੀ ਉਸਨੂੰ ਅੰਕਿਤ ਕੀਤਾ ਹੈ।

ਪੱਛਮੀ ਪੰਜਾਬ ਵਿੱਚ ਦਰਿਆ ਚਨਾਬ ਅਤੇ ਰਾਵੀ ਦੇ ਵਿਚਕਾਰਲੇ ਇਲਾਕੇ ਨੂੰ ਸਾਂਦਲਬਰ ਕਿਹਾ ਜਾਂਦਾ ਹੈ। ਇਹ ਇਲਾਕਾ ਭੱਟੀਆਂ ਦੀ ਆਪਣੀ ਜਾਗੀਰ ਸੀ ਅਤੇ ਉਹ ਇਸ ਵਿੱਚ ਸਰਕਾਰੀ ਦਖਲ-ਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਸਨ ਕਰਦੇ। ਜਦੋਂ ਅਕਬਰ ਦੇ ਸਮੇਂ ਸਲੀਮ (ਜਹਾਂਗੀਰ) ਦੀਆਂ ਗਲਤ ਨੀਤੀਆਂ ਕਾਰਣ ਇਸ ਇਲਾਕੇ ਉਤੇ ਮਾਲੀਆ ਲਾਇਆ ਗਿਆ ਤਾਂ ਇੱਥੋਂ ਦੇ ਲੋਕਾਂ ਨੇ ਬਗਾਵਤ ਕਰ ਦਿੱਤੀ। ਇਸ ਬਗਾਵਤ ਦੀ ਅਗਵਾਈ ਪਹਿਲਾਂ ਸਾਂਦਲ ਭੱਟੀ ਨੇ ਕੀਤੀ ਤਾਂ ਉਸਨੂੰ ਸਰਕਾਰ ਤੋਂ ਬਾਗੀ ਕਹਿ ਕੇ ਦਿੱਲੀ ਦਰਵਾਜ਼ੇ ਵਿੱਚ ਫਾਂਸੀ ਤੇ ਲਟਕਾ ਦਿੱਤਾ। ਫਿਰ ਕੁੱਝ ਸਮੇਂ ਬਾਅਦ ਗਰੀਬ ਕਿਸਾਨਾਂ ਦੇ ਹੱਕਾਂ ਦੀ ਖਾਤਰ ਉਸਦੇ ਪੁੱਤਰ ਰਾਏ ਸਮਸ਼ਦ ਭੱਟੀ (ਫਰੀਦ ਖਾਂ) ਨੂੰ ਵੀ ਉਸੇ ਥਾਂ ਫਾਂਸੀ ਤੇ ਲਟਕਾ ਦਿੱਤਾ। ਉਸਦੀ ਇਹ ਸ਼ਹਾਦਤ ਤੋਂ ਕੇਵਲ ਇੱਕ ਮਹੀਨਾ ਅਠਾਰਾਂ ਦਿਨ ਬਾਅਦ ਘਰ ਵਿੱਚ ਬੱਚੇ ਨੇ ਜਨਮ ਲਿਆ। 13 ਮਾਰਚ 1547 ਸੰਨ ਵਿੱਚ ਦੁੱਲਾ ਭੱਟੀ ਦਾ ਜਨਮ ਹੋਇਆ।

ਰਾਏ ਦੁੱਲਾ ਦੀ ਮਾਤਾ ਦਾ ਨਾਮ ਨਸੀਮ ਅਖਤਰ (ਲੋਧੀ ਬਾਈ) ਜੋ
ਇੱਕ ਮਹਾਨ ਜਰਨੈਲ ਯੋਧਾ ਮੁਹੰਮਦ ਖਾਲਦ ਅਖਤਰ ਦੀ ਲੜਕੀ ਸੀ।
ਇਸਦੀ ਇੱਕ ਲੜਕੀ ਹੋਰ ਸੀ ਜਿਸਦਾ ਨਾਮ ਨਜੀਵ ਅਖਤਰ ਸੀ। ਜਿਸਦੀ
ਕੁੱਖੋਂ ਬਹੁਤ ਹੀ ਨੇਕ ਇਨਸਾਨ ਜਮਾਲ ਖਾ ਜੋ ਗੁਰੂ ਅਰਜਨ ਦੇਵ ਜੀ ਦਾ
ਬਾਅਦ ਵਿੱਚ ਮੁਰੀਦ (ਸਿੱਖ) ਬਣ ਗਿਆ ਸੀ। ਜਮਾਲ ਤੇ ਦੁੱਲਾ ਮਸੇਰੇ ਭਾਈ
ਸਨ ਨਸੀਮ ਭੱਟੀ (ਲੋਧੀ) ਆਪਣੇ ਪਿਤਾ ਸਹੁਰਾ ਤੇ ਪਤੀ ਦੀ ਤਰ੍ਹਾਂ ਇੱਕ
ਦਲੇਰ ਅਤੇ ਹਿੰਮਤ ਵਾਲੀ ਔਰਤ ਸੀ। ਉਸਨੇ ਆਪਣੇ ਨਵਜੰਮੇ ਪੁੱਤਰ ਨੂੰ ਤੇਜ
ਤਲਵਾਰ ਦੀ ਗੁੜ੍ਹਤੀ ਦਿੱਤੀ ਅਤੇ ਆਪਣੇ ਸਹੁਰੇ ਅਤੇ ਪਤੀ ਦੇ ਕਤਲ ਦਾ
ਬਦਲਾ ਲੈਣ ਲਈ ਇੰਤਕਾਮ ਦੀ ਲੋਰੀ ਸੁਣਾਈ ਜਿਸ ਵਿੱਚ ਦਾਦਾ ਅਤੇ ਪਿਤਾ
ਦੇ ਕਤਲਾਂ ਦੇ ਬਦਲਾ ਲੈਣ ਦਾ ਪੈਗਾਮ ਦਿੱਤਾ। ਦੁੱਧ ਮੱਖਣਾਂ ਨਾਲ ਪਲੇ ਦੁੱਲੇ ਦਾ
ਕੱਦ ਲੰਬਾ ਅਤੇ ਸਰੀਰ ਗੁੰਦਵਾਂ ਸੀ। ਉਸਨੇ ਪੰਜਾਂ ਦਰਿਆਵਾਂ ਦੀ ਕਸਮ ਖਾ
ਕੇ ਆਖਿਆ ਸੀ ਉਹ ਜ਼ੁਲਮ ਨੂੰ ਮਿਟਾਉਣ ਲਈ ਜਾਬਰਾਂ ਨਾਲ ਭਿੜਨ ਤੋਂ ਵੀ
ਗੁਰੇਜ (ਸੰਕੋਚ) ਨਹੀਂ ਕਰੇਗਾ। ਇਸ ਦੀਆਂ ਬਹਾਦਰੀਆਂ ਦੇ ਕਿੱਸੇ ਵੀਰਾਂ
ਸਰਦਾਰ ਕਿਸ਼ਨ ਸਿੰਘ ਜੀ ਨੇ ਕਾਵਿ ਰਚਨਾ ਵਿੱਚ ਬਹੁਤ ਸੁੰਦਰ ਲਿਖੇ ਨੇ
ਇੱਥੇ ਸੰਖੇਪ ਲਿਖਣ ਦਾ ਹੁਕਮ ਹੈ ਇਸ ਵਾਸਤੇ ਪੂਰਾ ਵਿਸਥਾਰ ਕਿਤੇ
ਅਗਲੇ ਐਡੀਸ਼ਨ ਵਿੱਚ ਲਿਖਾਂਗੇ ਕਿ ਦੁੱਲਾ ਨੇਕੀਆਂ ਤੋਂ ਬਦੀਆਂ ਵਿੱਚ ਕਿਵੇਂ
ਗਿਆ ਫਿਰ ਬਦੀਆਂ ਤੋਂ ਨੇਕੀਆਂ ਵਿੱਚ ਕਿਵੇਂ ਆਏਗਾ, ਅੱਗੇ ਪੜ੍ਹੋਗੇ ਜੀ।

ਕੋਸ਼ਿਸ਼ ਹੈ ਉਹ ਮਹਾਨ ਪੁਰਸ਼ ਇਸ ਪੁਸਤਕ ਰਾਹੀਂ ਅਮਰ ਰਹਿਣ
ਤੇ ਸਾਡੇ ਮਨ ਵਿੱਚ ਨੇਕੀਆਂ ਕਮਾਉਣ ਦਾ ਉਪਦੇਸ਼ ਮਿਲਦਾ ਰਹੇ।

ਨੋਟ:- ਕੁੱਝ ਵੀਰਾਂ ਨੇ ਅਬਦੁੱਲਾ ਭੱਟੀ ਲਿਖ ਦਿੱਤਾ ਹੈ ਪਰ ਅਬਦੁੱਲਾ ਦੇ ਪਿਤਾ ਦਾ ਨਾਮ ਰਹੀਮ ਭੱਟੀ ਸੀ ਤਾਂ ਮਾਂ ਫਾਤਮਾ ਬੇਗਮ ਸੀ ਤੇ ਇਸਦਾ ਅੰਤ ਸ਼ਰਾਬ ਵਿੱਚ ਜ਼ਹਿਰ ਪਾ ਕੇ ਮਾਰ ਦਿੱਤਾ ਸੀ। ਮਗਰ ਗੋਤ (ਜਾਤ) ਇੱਕ ਹੋਣ ਕਾਰਣ ਭੁਲੇਖਾ ਲੱਗਾ ਹੈ।

ਰਾਏ ਦੁੱਲਾ ਭੱਟੀ ਤਾਂ ਸੱਚ ਨੇਕੀਆਂ ਖਾਤਰ ਮੁਤਰਜਾ ਖਾਨ ਨਾਲ ਦੋ ਹੱਥ ਕੀਤੇ ਫਿਰ ਸਾਂਝੇ ਵਾਰ ਨਾਲ 1610 ਸੰਨ 5 ਅਪ੍ਰੈਲ ਨੂੰ ਸ਼ਹਾਦਤ ਦਾ ਜਾਮ ਪੀਤਾ ਤੇ ਜ਼ਿੰਦਗੀ ਦੀ ਬਾਜ਼ੀ ਜਿੱਤ ਕੇ ਗਿਆ ਤੇ ਅਨੇਕਾਂ ਲੜਕੀਆਂ ਦੇ ਘਰ ਵਸਾਏ। ਗਰੀਬ ਲੜਕੀਆਂ ਦੇ ਵਿਆਹ ਆਪ ਪਿਤਾ ਬਣ ਕੇ ਕੀਤੇ ਅਨੇਕਾਂ ਜ਼ਿਮੀਦਾਰਾਂ ਦੀ ਜ਼ਮੀਨ ਸਰਕਾਰ ਕੋਲੋਂ ਛੁਡਾਇਆ ਮਕਬਰਾ ਲਾਹੌਰ ਵਿੱਚ ਹੈ।

"ਮਹਾਨ ਸਿੱਖ ਭਾਈ ਪਤੰਗ ਜੀ"

ਭਾਈ ਪਤੰਗ ਜੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਿੱਖ ਸਨ। ਆਪ ਜੀ ਲਾਹੌਰ ਵਿੱਚ ਨਿਵਾਸ ਕਰਦੇ ਸਨ । ਆਪ ਜੀ ਕਰਿਆਨਾ ਦੀ ਦੁਕਾਨ ਕਰਦੇ ਸਨ । ਇਸਦੇ ਨਾਲ ਸ਼ਾਹੂਕਾਰੀ ਵੀ ਕਰਦੇ ਸਨ। ਉਹਨਾਂ ਦਿਨਾਂ ਵਿੱਚ ਬੈਂਕਾਂ ਨਹੀਂ ਹੁੰਦੀਆਂ ਸਨ । ਲੋਕ ਆਪਣੀਆਂ ਅਮਾਨਤਾ ਸ਼ਾਹੂਕਾਰਾਂ ਕੋਲ ਰੱਖਦੇ ਸਨ । ਭਾਈ ਪਤੰਗ ਜੀ ਇੱਕ ਬਹੁਤ ਹੀ ਇਮਾਨਦਾਰ, ਸੁੱਚੇ ਨੇਕੀਆਂ ਤੇ ਜੀਵਨ ਤੋਰਨ ਵਾਲੇ ਸਨ ਫਿਰ ਪੂਰੇ ਗੁਰੂ ਵਾਲੇ ਸਿੱਖੀ ਸਿਦਕ ਵਿੱਚ ਪੂਰੇ ਸਨ। ਜਿੱਥੇ ਆਪ ਜੀ ਨਾਲ ਹਿੰਦੂ, ਸਿੱਖ ਪਿਆਰ ਕਰਦੇ ਸਨ। ਉੱਥੇ ਮੁਸਲਮਾਨਾਂ ਦਾ ਵੀ ਆਪ ਜੀ ਤੇ ਅਕੀਦਾ (ਭਰੋਸਾ) ਸੀ । ਲਾਹੌਰ ਸ਼ਹਿਰ ਵਿੱਚ ਚੋਟੀ ਦੇ ਸ਼ਾਹੂਕਾਰਾਂ ਵਿੱਚੋਂ ਇਮਾਨਦਾਰੀ ਵਿੱਚ ਸਭ ਤੋਂ ਉਪਰ ਨਾਮ ਭਾਈ ਪਤੰਗ ਜੀ ਦਾ ਸੀ।

ਇੱਕ ਦਿਨ ਕਰਿਆਨੇ ਦੀ ਦੁਕਾਨ ਤੇ ਗਾਹਕਾਂ ਦੀ ਬਹੁਤ ਭੀੜ ਸੀ । ਉਸ ਭੀੜ ਸਮੇਂ ਇਕ ਮੁਸਲਮਾਨ ਜਮਾਲ ਖਾਂ ਨੇ ਆਪਣੀ ਅਮਾਨਤ 200 ਸੋਨੇ ਦੀਆਂ ਮੋਹਰਾਂ ਵਾਲੀ ਥੈਲੀ ਭਾਈ ਪਤੰਗ ਜੀ ਦੇ ਵਿੱਚ ਹੱਥ ਰੱਖੀ ਤੇ ਜਲਦੀ ਵਿੱਚ ਦੇ ਕੇ ਚਲਾ ਗਿਆ। ਭਾਈ ਪਤੰਗ ਜੀ ਨੇ ਉਹ ਥੈਲੀ ਉਚੀ ਥਾਂ ਇਕ ਕੁੱਜੀ ਵਿੱਚ ਰੱਖ ਦਿੱਤੀ ਤੇ ਉਸਦਾ ਨਾਮ ਵਹੀ (ਰਜਿਸਟਰ) ਵਿੱਚ ਲਿਖਣਾ ਭੁੱਲ ਗਏ ਤੇ ਗਾਹਕਾਂ ਨੂੰ ਸੌਦਾ ਤੋਲ ਤੋਲ ਕੇ ਦਿੰਦੇ ਰਹੇ, ਧਿਆਨ ਵਿੱਚ ਨਹੀਂ ਆਇਆ ਤੇ ਸ਼ਾਮ ਪੈ ਗਈ ਤੇ ਦੁਕਾਨ ਨੂੰ ਵਧਾਇਆ ਫਿਰ ਵਾਪਸ ਘਰ ਆ ਗਏ ।

ਜਮਾਲ ਖਾਨ ਛੇ ਮਹੀਨੇ ਦੇ ਬਾਅਦ ਵਾਪਸ ਆਇਆ ਤਾਂ ਉਸਨੇ ਭਾਈ ਪਤੰਗ ਜੀ ਨੂੰ ਬੇਨਤੀ ਕੀਤੀ ਕਿ ਮੈਂ ਆਪ ਜੀ ਪਾਸ ਅਮਾਨਤ ਰੱਖ ਗਿਆ ਸੀ

ਤੇ ਹੁਣ ਮੈਨੂੰ ਲੋੜ ਹੈ ਵਾਪਸ ਦੇ ਦਿਓ ਜੀ। ਭਾਈ ਪਤੰਗ ਜੀ ਨੇ ਆਪਣੀਵਹੀ ਖਾਤਾ ਪੂਰਾ ਵੇਖਿਆ ਤਾਂ ਜਮਾਲ ਖਾਨ ਦਾ ਨਾਮ ਕਿਸੇ ਪਾਸੇ ਨਹੀਂ ਮਿਲਿਆ। ਦੋ ਵਾਰ ਵਹੀ ਖਾਤੇ ਵੇਖ ਲਏ ਪਰ ਨਾਮ ਨਾ ਮਿਲਿਆ। ਤਾਂ ਭਾਈ ਪਤੰਗ ਜੀ ਨੇ ਜਮਾਲ ਖਾਨ ਨੂੰ ਬੇਨਤੀ ਕੀਤੀ ਖਾਨ ਸਾਹਿਬ ਤੁਸੀਂ ਭੁੱਲ ਗਏ ਹੋ ਤੁਸੀਂ ਆਪਣੀ ਅਮਾਨਤ ਕਿਸੇ ਹੋਰ ਸ਼ਾਹੂਕਾਰ ਕੋਲ ਜਮਾਂ ਕਰਵਾਈ ਹੋਵੇਗੀ ਸਾਡੇ ਪਾਸ ਤੁਸੀਂ ਕੋਈ ਅਮਾਨਤ ਨਹੀਂ ਰੱਖੀ। ਤੁਹਾਨੂੰ ਭੁਲੇਖਾ ਲੱਗਾ ਹੈ।

ਜਦੋਂ ਐਸੇ ਬੋਲ ਜਮਾਲ ਖਾਨ ਨੇ ਸੁਣੇ ਤਾਂ, ਘਬਰਾ ਕੇ ਬੋਲੇ ਨਹੀਂ ਨਹੀਂ ਭਾਈ ਸਾਹਿਬ ਜੀ ਮੈਂ ਆਪਣੀ ਅਮਾਨਤ ਆਪ ਜੀ ਪਾਸ ਰੱਖੀ ਹੈ ਤੁਸੀਂ ਯਾਦ ਕਰੋ ਮੈਂ ਉਸ ਦਿਨ ਜਲਦੀ ਵਿੱਚ ਸੀ ਤੇ ਤੁਹਾਡੇ ਹੱਥ ਵਿੱਚ ਦੇ ਕੇ ਗਿਆ ਸੀ ਤਕਰੀਬਨ ਛੇ ਮਹੀਨੇ ਪਹਿਲੇ ਤੁਸੀਂ ਪੁਰਾਣੀ ਵਹੀ ਖਾਤਾ ਵੇਖੋ ਸਮੇਂ ਦੀ ਲੋੜ ਹੈ ਤਾਂ ਮੈਂ ਇਕ ਦੋ ਦਿਨ ਠਹਿਰ ਕੇ ਆ ਜਾਵਾਂਗਾ।

ਭਾਈ ਪਤੰਗ ਜੀ ਨੇ ਯਾਦ ਕਰਨ ਦੀ ਕੋਸ਼ਿਸ਼ ਵੀ ਕੀਤੀ ਅਤੇ ਵਹੀਖਾਤੇ ਵੀ ਧਿਆਨ ਨਾਲ ਵੇਖੇ ਹੋਰ ਵੀ ਕਈ ਉਪਰਾਲੇ ਕੀਤੇ ਕਾਰੋਬਾਰ ਬਹੁਤ ਵੱਡਾ ਸੀ ਦੁਕਾਨ ਵੀ ਬਹੁਤ ਵੱਡੀ ਸੀ ਲੋਕਾਂ ਦੀ ਆਵਾਜਾਈ ਵੀ ਬਹੁਤ ਸੀ। ਅਨੰਤ ਕੋਸ਼ਿਸ਼ਾਂ ਦੇ ਬਾਅਦ ਵੀ ਖਾਨ ਦਾ ਕੋਈ ਖਾਤਾ ਨਾ ਮਿਲਿਆ। ਅਖੀਰ ਫ਼ੈਸਲਾ ਦਿੱਤਾ ਜਮਾਲ ਖਾਨ ਤੇਰੀ ਅਮਾਨਤ ਸਾਡੇ ਕੋਲ ਨਹੀਂ ਹੈ।

ਜਮਾਲ ਖਾਨ ਨੇ ਲਾਹੌਰ ਦੇ ਹੁਕਮਰਾਨ ਮੁਹੰਮਦ ਰਫੀ ਸਈਯਦ ਪਾਸ ਰਿਪੋਰਟ ਲਿਖਾ ਦਿੱਤੀ। ਉਹ ਵੀ ਬਹੁਤ ਨੇਕ ਦਿਲ ਇਨਸਾਨ ਸੀ। ਉਸਨੇ ਖਾਨ ਨੂੰ ਵਾਰ ਵਾਰ ਆਖਿਆ ਕਿ ਭਾਈ ਪਤੰਗ ਜੀ ਨੇਕ ਇਨਸਾਨ ਹਨ ਉਹਨਾਂ ਉਪਰ ਸ਼ੱਕ ਕਰਨਾ ਬਹੁਤ ਔਖਾ ਹੈ। ਪੂਰੇ ਲਾਹੌਰ ਸ਼ਹਿਰ ਵਿੱਚ ਲੋਕ ਭਾਈ ਪਤੰਗ ਦੇ ਜੱਸ ਗਾਉਂਦੇ ਹਨ। ਚਾਹੇ ਜਮਾਲ ਖਾਨ ਤੁਸੀਂ ਵੀ ਨੇਕ ਮੁਸਲਮਾਨ ਹੋ। ਮੈਂ ਤੁਹਾਡਾ ਵੀ ਸਤਿਕਾਰ ਕਰਦਾ ਹਾਂ ਪਰ ਤੁਸੀਂ ਮੈਨੂੰ

ਉਲਝਣ ਵਿੱਚ ਪਾ ਦਿੱਤਾ ਹੈ। ਤੁਹਾਡਾ ਇਹ ਫੈਸਲਾ ਕਰਨਾ ਬਹੁਤ ਕਠਿਨ ਹੈ। ਉਹ ਕਾਦਰ ਕਰੀਮ ਅੱਲਾ ਤਾਲਾ ਮੇਰੇ ਕੋਲੋਂ ਨਿਆਂ ਕਰਵਾ ਦੇਵੇ।

ਅਗਲੇ ਦਿਨ ਹੁਕਮਰਾਨ ਮੁਹੰਮਦ ਰਫੀ ਸਈਯਦ ਆਪ ਚੱਲ ਕੇ ਭਾਈ ਪਤੰਗ ਜੀ ਪਾਸ ਗਿਆ। ਬਹੁਤ ਹੀ ਨਿਮਰਤਾ ਨਾਲ ਬੇਨਤੀ ਕੀਤੀ। ਭਾਈ ਸਾਹਿਬ ਤੁਹਾਡੀ ਸ਼ਾਨ ਵਿੱਚ ਮੈਂ ਗੁਸਤਾਖੀ ਕਰ ਰਿਹਾ ਹਾਂ। ਮੈਨੂੰ ਮਾਫ ਕਰਨਾ। ਜਮਾਲ ਖਾਨ ਇਕ ਬਹੁਤ ਨੇਕ ਮੁਸਲਮਾਨ ਹੈ। ਜਿਸਨੇ ਆਪ ਜੀ ਵਾਸਤੇ ਅਮਾਨਤ ਵਿੱਚ ਖਿਆਨਤ ਕਰਨ ਦੀ ਰਿਪੋਰਟ ਕੀਤੀ ਹੈ। ਮੈਂ ਆਪ ਜੀ ਦੀ ਨੀਅਤ ਤੇ ਕੋਈ ਸ਼ੱਕ ਨਹੀਂ ਕਰ ਰਿਹਾ ਪਰ ਇਹ ਫੈਸਲਾ ਕਰਨਾ ਮੇਰੇ ਵਾਸਤੇ ਬਹੁਤ ਔਖਾ ਹੈ ਅੱਲਾ, ਤਾਲਾ, ਤੌਰੀਫ ਬਖਸ਼ੇ (ਕਿਰਪਾ ਕਰੇ) ਮੈਂ ਕੋਈ ਸਹੀ ਫੈਸਲਾ ਕਰ ਸਕਾਂ?

ਭਾਈ ਪਤੰਗ ਜੀ ਕਹਿਣ ਲੱਗੇ ਅਸੀਂ ਹਰ ਮੁਮਕਿਨ ਕੋਸ਼ਿਸ਼ ਕੀਤੀ ਹੈ ਪਰ ਕਿਸੇ ਖਾਤੇ ਵਿਚੋਂ ਖਾਨ ਸਾਹਿਬ ਦਾ ਨਾਮ ਨਹੀਂ ਬੋਲਿਆ, ਮੈਨੂੰ ਲੱਗਦਾ ਹੈ ਕਿ ਇਹ ਆਪਣੀ ਅਮਾਨਤ ਕਿਸੇ ਹੋਰ ਸ਼ਾਹੂਕਾਰ ਕੋਲ ਰੱਖ ਗਿਆ ਹੈ ਤੇ ਇਸਨੂੰ ਸਾਡਾ ਭੁਲੇਖਾ ਲੱਗ ਗਿਆ ਹੈ। ਤੁਸੀਂ ਸਾਡੀ ਦੁਕਾਨ ਤੇ ਆਏ ਹੋ ਅਗਰ ਮੁਨਾਸਿਬ ਸਮਝੋ (ਠੀਕ ਸਮਝੋ) ਤਾਂ ਮੈਂ ਹਰਜਾਨਾ ਨਹੀਂ, ਉਸਦੀ ਮਦਦ ਦੇ ਤੌਰ ਤੇ ਜਿੰਨੀ ਰਕਮ ਕਹਿੰਦਾ ਹੈ, ਉਹ ਅਸੀਂ ਦੇ ਦਿੰਦੇ ਹਾਂ।

ਹੁਕਮਰਾਨ ਕਹਿਣ ਲੱਗਾ ਨਹੀਂ ਨਹੀਂ ਐਸਾ ਕਹਿਰ ਮੈਂ ਨਹੀਂ ਕਰ ਸਕਦਾ। ਤੁਸੀਂ ਕੱਲ ਕਚਹਿਰੀ ਵਿੱਚ ਹਾਜ਼ਰ ਹੋਣਾ ਜੋ ਅੱਲਾ ਤਾਲਾ ਕਰੇਗਾ ਭਲੀ ਹੀ ਹੋਵੇਗੀ। ਨਾਲ ਹੀ ਉਸਨੇ ਆਪਣੇ ਸਿਪਾਹੀ ਸ਼ਹਿਰ ਦੇ ਸਾਰੇ ਸ਼ਾਹੂਕਾਰੀ ਕਰਨ ਵਾਲਿਆਂ ਪਾਸ ਜਮਾਲ ਖਾਨ ਦਾ ਨਾਮ ਭੇਜ ਦਿੱਤਾ ਕਿ ਕਿਸੇ ਪਾਸ ਉਸਦੀ ਅਮਾਨਤ ਹੋਵੇ ਤਾਂ ਕੱਲ ਕਚਹਿਰੀ ਵਿੱਚ ਹਾਜ਼ਰ ਕੀਤੀ ਜਾਵੇ, ਪਰ ਸਭ ਵੱਲੋਂ ਨਾ ਲਿਖਿਆ ਮਿਲਿਆ। ਰਫੀ ਸਈਯਦ ਬਹੁਤ ਭਰਮ

ਵਿੱਚ ਪੈ ਗਏ। ਅਖੀਰ ਉਸਨੇ ਫੈਸਲਾ ਵੀ ਅੱਲਾ ਤਾਲਾ ਤੇ ਛੱਡ ਦਿੱਤਾ ਕਿ ਜੋ ਸੱਚਾ ਹੋਵੇਗਾ ਉਸਦੀ ਮਦਦ ਖੁਦਾ ਖੁੱਦ ਕਰੇਗਾ।

ਅਗਲੇ ਦਿਨ ਕਚਹਿਰੀ ਲੱਗੀ ਉਸ ਵਿੱਚ ਦੋਹੇਂ ਧਿਰਾਂ ਹਾਜ਼ਰ ਹੋਈਆਂ। ਇਕ ਪਾਸੇ ਭਾਈ ਪਤੰਗ ਜੀ ਤੇ ਨਾਲ ਕੁੱਝ ਮੋਹਤਵਰ ਸੱਜਣ ਦੂਜੇ ਪਾਸੇ ਜਮਾਲ ਖਾਨ ਤੇ ਉਸ ਨਾਲ ਉਸਦੇ ਸਾਥੀ ਬੈਠੇ ਸਨ ਤਾਂ ਹੁਕਮਰਾਨ ਮੁਹੰਮਦ ਰਫੀ ਸਈਯਦ ਨੇ ਪੂਰੇ ਕੇਸ ਦੀ ਸੁਣਵਾਈ ਸੁਣ ਕੇ, ਇਕ ਗਰਮ ਤੇਲ ਦੀ ਕੜਾਹੀ ਮੰਗਾਈ ਤੇ ਉਸ ਵਿੱਚ ਇਕ ਤਾਂਬੇ ਦਾ ਪੈਸਾ ਸੁੱਟ ਦਿੱਤਾ ਤੇ ਆਖਿਆ ਜੋ ਸੱਚਾ ਹੋਵੇਗਾ ਉਸਦੇ ਹੱਥ ਨੂੰ ਸੇਕ ਨਹੀਂ ਲੱਗੇਗਾ, ਜੋ ਝੂਠਾ ਹੋਵੇਗਾ ਉਸਦਾ ਹੱਥ ਸੜ ਜਾਵੇਗਾ। ਇਹ ਫੈਸਲਾ ਮੈਂ ਅੱਲਾ ਤਾਲਾ ਤੇ ਛੱਡ ਦਿੱਤਾ ਹੈ ਕਿਉਂਕਿ ਇਹ ਦੋਨੋਂ ਹੀ ਮਨੁੱਖ ਬਹੁਤ ਨੇਕ ਹਨ। ਇਸ ਵਾਸਤੇ ਫੈਸਲੇ ਵੀ ਇਹਨਾਂ ਦੇ ਗੁਰੂ ਪੀਰ ਹੀ ਕਰਨਗੇ।

ਪਹਿਲਾ ਹੁਕਮ ਭਾਈ ਪਤੰਗ ਜੀ ਨੂੰ ਹੋਇਆ ਤਾਂ ਆਪ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਪਾਤਸ਼ਾਹ ਆਪ ਜੀ ਜਾਣੀ ਜਾਣ ਹੋ ਆਪਣੇ ਸੇਵਕਾਂ ਦੀ ਰੱਖਿਆ ਕਰਨੀ ਇਸ ਤਰ੍ਹਾਂ ਅਰਦਾਸ ਕਰਦੇ ਹੋਏ ਭਾਈ ਪਤੰਗ ਜੀ ਨੇ ਸਤਿਨਾਮ ਸ੍ਰੀ ਵਾਹਿਗੁਰੂ ਬੋਲ ਕੇ ਗਰਮ ਤੇਲ ਵਿੱਚ ਹੱਥ ਪਾ ਕੇ ਤਾਂਬੇ ਦਾ ਪੈਸਾ ਚੁੱਕ ਕੇ ਬਾਹਰ ਰੱਖ ਦਿੱਤਾ, ਨਾਲ ਹੀ ਸਾਰੀ ਕਚਹਿਰੀ ਵਿੱਚ ਭਾਈ ਪਤੰਗ ਜੀ ਦੇ ਨਾਮ ਦੀ ਜੈ ਜੈ ਕਾਰ ਹੋਈ ਪਰ ਭਾਈ ਸਾਹਿਬ ਗੁਰੂ ਜੀ ਦਾ ਸ਼ੁਕਰਾਨਾ ਕਰ ਰਹੇ ਸਨ।

ਫਿਰ ਪੈਸਾ ਤੇਲ ਵਿੱਚ ਸੁੱਟਿਆ ਗਿਆ ਤੇ ਜਮਾਲ ਖਾਂ ਨੂੰ ਹੁਕਮ ਹੋਇਆ ਕਿ ਤੁਸੀਂ ਚੁੱਕੋ ਤਾਂ ਜਮਾਲ ਖਾਨ ਦੀ ਆਤਮਾ ਕੰਬ ਉਠੀ ਕਿ ਇਹ ਤਾਂ ਸੱਚੇ ਨਹੀਂ ਹਨ ਫਿਰ ਵੀ ਸੇਕ ਨਹੀਂ ਲੱਗਿਆ ਹੱਥ ਨਹੀਂ ਸੜਿਆ। ਕਿਤੇ ਮੇਰੇ ਕੋਲੋਂ ਭੁੱਲ ਤਾਂ ਨਹੀਂ ਹੋਈ ਕਦੇ ਖੁਆਜਾ ਨੂੰ ਯਾਦ ਕਰੇ। ਕਦੇ ਕਿਸੇ ਨੂੰ ਯਾਦ

ਕਰੇ। ਕੀ ਤੁਸੀਂ ਮੇਰੀ ਰੱਖਿਆ ਕਰਨੀ ਬਹੁਤ ਪਾਸੇ ਮਨ ਖਿੰਡਿਆ ਹੋਇਆ ਸੀ ਦਿਲ ਵਿੱਚ ਵੀ ਕਮਜ਼ੋਰੀ ਸੀ ਕਿਉਂਕਿ ਕਿਸੇ ਇਕ ਗੁਰੂ ਪੀਰ ਵਾਲਾ ਨਹੀਂ ਸੀ ਫਿਰ ਜਦੋਂ ਡਰਦੇ ਨੇ ਤੇਲ ਵਿੱਚ ਹੱਥ ਪਾਇਆ ਤਾਂ ਹੱਥ ਸੜ ਗਿਆ ਤੇ ਪਿੱਛੇ ਹੋ ਕੇ ਡਿੱਗ ਪਿਆ। ਵੈਦਾ-ਹਕੀਮਾਂ ਨੇ ਹੱਥ ਤੇ ਪੱਟੀ ਕਰ ਦਿੱਤੀ ਤੇ ਨਿੰਮੋ ਝੂਣਾ ਹੋਇਆ ਵਾਪਸ ਘਰ ਆ ਗਿਆ।

ਉਧਰ ਭਾਈ ਪਤੰਗ ਜੀ ਵਾਪਸ ਘਰ ਆਏ ਤੇ ਮਨ ਵਿੱਚ ਕਈ ਵਿਚਾਰਾਂ ਚੱਲ ਰਹੀਆਂ ਸਨ ਕਿ ਜੇ ਜਮਾਲ ਖਾਨ ਝੂਠਾ ਸੀ ਤਾਂ ਗਰਮ ਤੇਲ ਵਿੱਚ ਹੱਥ ਕਿਉਂ ਪਾਇਆ। ਵੈਸੇ ਵੀ ਤਾਂ ਮਾਫੀ ਮੰਗ ਕੇ ਬੱਚ ਸਕਦਾ ਸੀ। ਇਸ ਵਿੱਚ ਕੋਈ ਸੱਚਾਈ ਹੈ। ਤਾਂ ਆਪਣੀ ਦੁਕਾਨ ਤੇ ਪਹੁੰਚ ਕੇ ਸਾਰੇ ਨੌਕਰ ਤੇ ਪਰਿਵਾਰ ਨੂੰ ਬੁਲਾਇਆ ਤੇ ਆਖਿਆ ਸਾਰੀ ਦੁਕਾਨ ਦਾ ਸਮਾਨ ਬਾਹਰ ਕੱਢੋ ਇਕ ਇਕ ਸਮਾਨ ਜਾਂ ਅਮਾਨਤਾਂ ਵਹੀਖਾਤੇ ਨਾਲ ਮਿਲਾ ਕੇ ਰੱਖਣ ਲੱਗੇ ਅਖੀਰ ਇਕ ਕੁਜੀ (ਛੋਟਾ ਭਾਂਡਾ) ਵੇਖੀ ਤਾਂ ਇਕ ਗੁੱਥਲੀ ਲੱਭ ਗਈ। ਉਸ ਵਿੱਚ ਦੋ ਸੋ ਸੋਨੇ ਦੀਆਂ ਮੋਹਰਾਂ ਸੀ। ਜਮਾਲ ਖਾਨ ਦੀਆਂ ਦੱਸੀਆਂ ਨਿਸ਼ਾਨੀਆਂ ਸਭ ਮਿਲ ਗਈਆਂ।

ਫਿਰ ਭਾਈ ਪਤੰਗ ਜੀ ਨੇ ਆਖਿਆ ਮੈਂ ਹੁਣੇ ਹੀ ਉਸਦੇ ਘਰ ਜਾ ਕੇ ਮਾਫੀ ਮੰਗਦਾ ਹਾਂ ਤੇ ਉਸਦੀ ਅਮਾਨਤ ਦੇ ਕੇ ਆਂਉਂਦਾ ਹਾਂ। ਫਿਰ ਉਸ ਦੇ ਘਰ ਪਹੁੰਚੇ ਤਾਂ ਸਭ ਕੁੱਝ ਦੱਸਿਆ ਕਿ ਅਸੀਂ ਸਾਰੀ ਦੁਕਾਨ ਦਾ ਸਮਾਨ ਕੱਢਿਆ ਅਖੀਰ ਵਿੱਚ ਆਪ ਜੀ ਦੀ ਅਮਾਨਤ ਲੱਭੀ ਹੈ। ਮੈਂ ਆਪ ਜੀ ਦਾ ਨਾਮ ਵਹੀਖਾਤੇ ਲਿਖਣਾ ਭੁੱਲ ਗਿਆ ਹੋਵਾਂਗਾ। ਇਸ ਵਾਸਤੇ ਇਹ ਗਲਤੀ ਹੋਈ ਤੇ ਤੁਸੀਂ ਆਪਣਾ ਨਾਮ ਲਿਖਾਏ ਬਿਨਾਂ ਚੱਲੇ ਗਏ ਇਹ ਗਲਤੀ ਤੁਹਾਡੀ ਹੈ।

ਜਮਾਲ ਖਾਨ ਆਖਣ ਲੱਗਾ ਤੁਹਾਡਾ ਗੁਰੂ ਕੌਣ ਹੈ ਜਿਸ ਨੇ ਤੁਹਾਡੀ ਰੱਖਿਆ ਕੀਤੀ ਹੈ ਮੈਨੂੰ ਵੀ ਉਹਨਾਂ ਦੇ ਦਰਸ਼ਨ ਕਰਾਵੋ। ਮੈਂ ਐਸੇ ਮਹਾਨ ਗੁਰੂ

ਦੇ ਦਰਸ਼ਨ ਕਰਨਾ ਚਾਹੁੰਦਾ ਹਾਂ।

ਫਿਰ ਭਾਈ ਪਤੰਗ ਜੀ ਜਮਾਲ ਖਾਨ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ (ਨਾਨਕੀ ਚੱਕ) ਆਏ ਤਾਂ ਜਮਾਲ ਖਾਨ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ ਤੇ ਬੇਨਤੀ ਕੀਤੀ ਪਾਤਸ਼ਾਹ ਦਿਲ ਤੋਂ ਤਾਂ ਭਾਈ ਪਤੰਗ ਜੀ ਸੱਚੇ ਸਨ। ਇਸ ਵਾਸਤੇ ਤੁਸੀਂ ਏਨਾ ਦੀ ਰੱਖਿਆ ਕੀਤੀ ਇਹਨਾਂ ਨੂੰ ਗਰਮ ਸੇਕ ਨਹੀਂ ਲੱਗਣ ਦਿੱਤਾ। ਪਰ ਮੈਂ ਵੀ ਤਾਂ ਸੱਚਾ ਸੀ ਮੇਰੇ ਹੱਥ ਨੂੰ ਸੇਕ ਕਿਉ ਲੱਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਕਹਿਣ ਲੱਗੇ ਜਮਾਲ ਖਾਨ ਉਹ ਸਮਾਂ ਯਾਦ ਕਰ ਜਦੋਂ ਤੂੰ ਡਾਵਾਂ ਡੋਲ ਹੋ ਕੇ ਕਦੇ ਖੁਆਜਾ ਨੂੰ ਬੇਨਤੀਆਂ ਕਰਦੇ ਸੀ ਕਦੇ ਕਿਸੇ ਦੀ ਅਰਾਧਨਾ ਕਰਦੇ ਸੀ ਬਹੁਤੀਆਂ ਬੇੜੀਆਂ ਤੇ ਪੈਰ ਰੱਖਣ ਵਾਲਾ ਕਦੇ ਪਾਰ ਨਹੀਂ ਹੁੰਦਾ। ਇਸ ਵਾਸਤੇ ਹਮੇਸ਼ਾ ਇਕ ਦੀ ਪੂਜਾ ਕਰੋ। ਇਕ ਨਾਲ ਪ੍ਰੀਤ ਕਰੋ। ਇਕ ਅੱਗੇ ਅਰਦਾਸ ਕਰੋ। ਮਨ ਨੂੰ ਡੁਲਾਉ ਨਾ, ਉਹ ਅੱਲਾ ਤਾਲਾ ਸਭ ਦਾ ਇਕ ਹੀ ਹੈ ਪਰ ਵਿਸ਼ਵਾਸ ਵਾਲਿਆਂ ਦੇ ਬੇੜੇ ਪਾਰ ਹੁੰਦੇ ਹਨ। ਫਿਰ ਜਮਾਲ ਖਾਨ ਵੀ ਗੁਰੂ ਸਾਹਿਬ ਦਾ ਸਿੱਖ ਬਣ ਗਿਆ ਤੇ ਖੁਸ਼ੀ ਨਾਲ ਝੋਲੀਆਂ ਭਰਾਈਆਂ ਤੇ ਵਾਪਸ ਲਾਹੌਰ ਆਏ।

ਭਾਈ ਪਤੰਗ ਜੀ ਆਪਣੇ ਗੁਰੂ ਤੇ ਪੂਰਨ ਭਰੋਸਾ ਕਰਨ ਵਾਲੇ ਸੱਚੇ ਤੇ ਸੁੱਚੇ ਸਿਖ ਸਨ। ਮੁੱਕਦਮਾ ਜਿੱਤ ਵੀ ਗਏ ਪਰ ਮਨ ਨੂੰ ਡੋਲਣ ਨਹੀਂ ਦਿੱਤਾ। ਪਰਾਈ ਅਮਾਨਤ ਵਾਪਸ ਦੇ ਕੇ ਖੁਸ਼ੀ ਪ੍ਰਾਪਤ ਕੀਤੀ ਲਾਹੌਰ ਸ਼ਹਿਰ ਵਿੱਚ ਆਪ ਜੀ ਦਾ ਬਹੁਤ ਸਤਿਕਾਰ ਸੀ। ਆਪ ਜੀ ਦੀਆਂ ਨੇਕੀਆਂ ਦਾ ਜੱਸ ਸਾਰਾ ਸ਼ਹਿਰ ਗਾਉਂਦਾ ਸੀ।

"ਲੋਹੜੀ ਦਾ ਇਤਿਹਾਸ"

ਭਾਈ ਪਤੰਗ ਜੀ ਲਾਹੌਰ ਸ਼ਹਿਰ ਅਤੇ ਰਾਏ ਸੰਦਲ ਭੱਟੀ ਦਰਵਾਜ਼ੇ ਦੇ ਨਾਲ ਵਸਿਆ "ਭੱਟੀ ਪਿੰਡ" ਵਿੱਚ ਨਿਵਾਸ ਕਰਦੇ ਸਨ। ਬਾਦਸ਼ਾਹ ਅਕਬਰ ਨੇ 1557 ਸੰਨ ਵਿੱਚ ਲਾਹੌਰ ਤੇ ਰਾਜ ਕੀਤਾ। ਉਸ ਸਮੇਂ ਦੇ ਦੌਰਾਨ ਸੁਰੱਖਿਆ ਨੂੰ ਧਿਆਨ ਵਿੱਚ ਰੱਖਕੇ ਉਸ ਨੇ ਲਾਹੌਰ ਨੂੰ ਤੇਰਾਂ ਦਰਵਾਜ਼ੇ ਲਗਾਏ ਸਨ। ਉਸ ਸਮੇਂ ਅਕਬਰ ਦੇ ਆਲਾ ਵਜ਼ੀਰਾ ਵਿੱਚੋਂ ਇੱਕ ਰਾਏ ਸੰਦਲ ਭੱਟੀ ਵੀ ਵਜ਼ੀਰ ਸੀ। ਪੱਛਮੀ ਪੰਜਾਬ ਵਿੱਚ ਦਰਿਆ ਝਨਾਬ ਅਤੇ ਰਾਵੀ ਦੇ ਵਿਚਾਰਕਲੇ ਇਲਾਕੇ ਨੂੰ ਸਾਂਦਲਬਾਰ ਕਿਹਾ ਜਾਂਦਾ ਸੀ। ਇਹ ਇਲਾਕਾ ਭੱਟੀਆਂ ਦੀ ਆਪਣੀ ਜਾਗੀਰ[1] ਸੀ ਜੋ ਇਹਨਾਂ ਦੇ ਵੱਡੇ-ਵਡੇਰਿਆਂ ਵੱਲੋਂ ਮਿਲੀ ਜ਼ਮੀਨ ਸੀ। ਇੱਥੇ ਉਸ ਨੇ ਆਪਣੇ ਘਰ ਬਣਾਏ ਤੇ ਇਸ ਪਿੰਡ ਵਿੱਚ ਭੱਟੀ ਜਾਤ ਵਾਲਿਆਂ ਨੂੰ ਲਿਆ ਕੇ ਵਸਾਇਆ। ਇਸ ਵਾਸਤੇ ਇਹ ਨਗਰ ਦਾ ਨਾਮ ਪਿੰਡ ਭੱਟੀ ਪੈ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸੱਚੇ ਤੇ ਸੁੱਚੇ ਸਿੱਖ ਭਾਈ ਪਤੰਗ ਜੀ ਜਿੱਥੇ ਕਰਿਆਨਾ ਦੀ ਕਿਰਤ ਕਰਦੇ ਸਨ ਉਥੇ ਚੰਗੇ ਅਮੀਰ ਹੋਣ ਦੇ ਨਾਅਤੇ ਆਪ ਜੀ ਸ਼ਾਹੂਕਾਰੀ ਵੀ ਕਰਦੇ ਸਨ। ਆਪ ਜੀ ਗਊ ਗਰੀਬ ਦੀ ਰੱਖਿਆ ਕਰਦੇ ਸਨ। ਆਪ ਜੀ ਦਾ ਇੱਕ ਸੰਤ ਸਿਪਾਹੀ ਵਾਲਾ ਜੀਵਨ ਸੀ।

ਭਾਈ ਪਤੰਗ ਜੀ ਨਗਰ ਵਿੱਚ ਕਿਸੇ ਕਾਰਜ ਵਾਸਤੇ ਜਾਂਦੇ ਤਾਂ ਨਗਰ ਨਿਵਾਸੀ ਆਪ ਜੀ ਦਾ ਪੂਰਨ ਸਤਿਕਾਰ ਕਰਦੇ, ਆਪਣੇ ਘਰਾਂ ਦੇ ਦਰਵਾਜ਼ੇ ਖੋਲ ਕੇ ਬੇਨਤੀਆਂ ਕਰਦੇ, ਸਾਡੇ ਘਰ ਆਵੋ ਜੀ, ਸਾਡੇ ਘਰ ਆਵੋ ਜੀ, ਘਰਾਂ

1. ਲੋਕ ਤਵਾਰੀਖ, ਪੁਸਤਕ ਦਾ ਲੇਖਕ ਸ਼ਨਾਵਰ ਚੱਧੜ ਲਿਖਦੇ ਹਨ।
ਭੱਟੀ ਖਾਨਦਾਨ ਨੇ 1332 ਤੋਂ 1589 ਸੰਨ ਤੱਕ ਸਾਂਦਲ ਬਾਰ ਦਾ ਇਲਾਕਾ ਜਿਹੜਾ ਦੁੱਲਾ ਭੱਟੀ ਦੇ ਵੱਡੇ ਵਡੇਰਿਆਂ ਅਤੇ ਦਾਦਾ ਸਾਂਦਲ ਦੇ ਨਾਅ ਤੇ ਸੰਦਲ ਬਾਰ ਕਹਾਉਂਦਾ ਸੀ ਤੇ ਹੁਕਮਰਾਨੀ ਕੀਤੀ ਸੀ, ਇਹ ਇਲਾਕਾ ਸ਼ੇਖੂਪੁਰਾ, ਲਾਇਪੁਰ, ਸਰਗੋਧਾ ਤੇ ਪਿੰਡ ਭੱਟੀਆਂ ਦੇ ਵਿਚਕਾਰਲੀ ਜੂਹ ਇਨ੍ਹਾਂ ਦੀ ਮਲਕੀਅਤ ਸੀ।

ਦੇ ਬੱਚੇ-ਬੱਚੀਆਂ, ਲੜਕੇ ਲੜਕੀਆਂ ਚਰਨੀਂ ਹੱਥ ਲਗਾਉਂਦੇ, ਘਰ ਦੇ ਵੱਡੇ ਪੁਰਖ ਜਿਸ ਰਸਤੇ ਭਾਈ ਸਾਹਿਬ ਲੰਘਦੇ ਉਥੋਂ ਦੀ ਚਰਨ ਧੂੜ ਆਪਣੇ ਮਸਤਕ ਲਗਾਉਂਦੇ ਤੇ ਭਾਈ ਪਤੰਗ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਜਾਂਦੇ।

ਇਸ ਨਗਰ ਵਿੱਚ ਰਾਏ ਸੰਦਲੀ ਦਾ ਪੋਤਰਾ ਦੁੱਲਾ ਭੱਟੀ ਵੀ ਰਹਿੰਦਾ ਸੀ। ਉਸ ਦਾ ਵੀ ਨਾਮ ਬਹੁਤ ਸੀ ਪਰ ਮਾੜੇ ਤੇ ਭੈੜੇ ਕੰਮ ਕਰਨ ਵਿੱਚ, ਵਦੀਆ ਵੀਹਾਜਣ ਵਿੱਚ, ਚੋਰੀ ਤੇ ਡਕੈਤੀ ਵਿੱਚ ਸਮਾਜਿਕ ਬੁਰਾਈਆਂ ਨਾਲ ਨਕਾ ਨੱਕ ਭਰਿਆ ਹੋਇਆ ਸੀ। ਜਦੋਂ ਉਹ ਨਗਰ ਭੱਟੀ ਵਿੱਚ ਦੀ ਲੰਘਦਾ ਤਾਂ ਲੋਕ ਆਪਣੇ ਘਰਾਂ ਦੇ ਦਰਵਾਜ਼ੇ ਬੰਦ ਕਰ ਲੈਂਦੇ। ਕਿਤੇ ਇਸ ਪਾਪੀ ਦੀ ਨਜ਼ਰ ਧਨ ਜਾਂ ਬਹੂ, ਬੇਟੀ ਤੇ ਪੈ ਗਈ ਤਾਂ ਪਤਾ ਨਹੀਂ ਕੀ ਕਰ ਗੁਜ਼ਾਰੇ, ਲੋਕ ਡਰਦੇ ਇਸ ਦਾ ਰਾਹ ਛੱਡ ਜਾਂਦੇ, ਜੋ ਇਸ ਦੀਆਂ ਨਜ਼ਰਾਂ ਤੋਂ ਬਚ ਜਾਂਦਾ ਆਪਣੇ ਆਪ ਨੂੰ ਵਡਭਾਗੀ ਸਮਝਦਾ।

ਇੱਕ ਦਿਨ ਅਚਨਚੇਤ ਇੱਕ ਪਾਸੇ ਤੋਂ ਭਾਈ ਪਤੰਗ ਜੀ ਆ ਰਹੇ ਸਨ ਦੂਜੇ ਪਾਸਿਓਂ ਦੁੱਲਾ ਭੱਟੀ ਵੀ ਆਪਣੇ ਸਾਥੀਆਂ ਸਮੇਤ ਆ ਰਿਹਾ ਸੀ। ਭਾਈ ਸਾਹਿਬ ਜੀ ਦੇ ਨਾਲ ਚੱਲਣ ਵਾਲੇ ਸੇਵਕਾਂ ਨੇ ਬੇਨਤੀ ਕੀਤੀ ਭਾਈ ਜੀ ਇਸ ਰਸਤੇ ਦੁਰਾਚਾਰੀ ਦੁੱਲਾ ਭੱਟੀ ਆ ਰਿਹਾ ਹੈ। ਉਸਦਾ ਇਹ ਰਸਤਾ ਛੱਡ ਦਈਏ ਪਾਪੀ ਪਤਾ ਨਹੀਂ ਕੀ ਕਰ ਗੁਜ਼ਾਰੇ। ਭਾਈ ਪਤੰਗ ਜੀ ਕਹਿਣ ਲੱਗੇ ਜੇ ਉਸਨੂੰ ਆਪਣੀਆਂ ਬਦੀਆਂ ਤੇ ਮਾਣ ਹੈ ਤਾਂ ਸਾਨੂੰ ਨੇਕੀਆਂ ਕਰਾਉਣ ਵਾਲੇ ਗੁਰੂ ਤੇ ਮਾਣ ਹੈ। ਜੇ ਬਦੀਆ ਤੋਂ ਡਰ ਕੇ ਨੇਕੀਆਂ ਨੱਠ ਜਾਣਗੀਆਂ ਤਾਂ ਤਾਕਤਵਰ ਨੇਕੀਆਂ ਨਹੀਂ ਬਦੀਆਂ ਹੀ ਹਨ। ਸਾਡੇ ਗੁਰੂ ਨੇ ਸਿਖਾਇਆ ਹੈ ਬਦੀਆਂ ਦਾ ਟਾਕਰਾ ਡੱਟ ਕੇ ਕਰੋ ਤਾਂ ਕਿ ਨੇਕੀਆਂ ਦੀ ਦੁਨੀਆ ਤੇ ਜੈ-ਜੈ ਕਾਰ ਹੋਵੇ ਤੇ ਹੋਰ ਵੀ ਲੋਕ ਨੇਕੀਆਂ ਵੱਲ ਚੱਲਣ।

ਇਸ ਤਰ੍ਹਾਂ ਬਚਨ ਕਰਦਿਆਂ ਇੱਕ ਚੌਂਕ ਵਿੱਚ ਇੱਕ ਪਾਸੇ ਭਾਈ ਪਤੰਗ

ਜੀ। ਦੂਜੇ ਪਾਸੇ ਦੁੱਲਾ ਭੱਟੀ ਆ ਗਿਆ। ਜਦੋਂ ਭਾਈ ਸਾਹਿਬ ਜੀ ਨੇ ਦੁੱਲੇ ਦੇ ਅੱਖਾਂ ਵਿਚ ਅੱਖਾਂ ਪਾ ਕੇ ਵੇਖਿਆ ਤਾਂ ਦੁੱਲੇ ਦੇ ਸਰੀਰ ਵਿੱਚ ਝਰਨਾਟਾ (ਕੰਪਨ ਹੋ ਗਿਆ) ਛਿੜ ਗਿਆ। ਜਿਵੇਂ ਸੂਰਜ ਚੜ੍ਹਨ ਨਾਲ ਅੰਧੇਰਾ ਨੱਸ ਜਾਂਦਾ ਹੈ ਤਿਵੇਂ ਹੀ ਅਗਿਆਨ ਦਾ ਅੰਧੇਰਾ ਦੌੜ ਗਿਆ। ਜਿਹੜੇ ਹੱਥ ਲੋਕਾਂ ਨੂੰ ਮਾਰਨ ਵਾਸਤੇ ਉਠਦੇ ਸਨ, ਉਹ ਹੱਥ ਨਿਮਰਤਾ ਵਿੱਚ ਜੁੜ ਗਏ। ਜਿਹੜੀਆਂ ਅੱਖਾਂ ਲੋਕਾਂ ਨੂੰ ਘੂਰੀਆਂ ਵੱਟਦੀਆਂ ਸਨ ਉਹ ਅੱਖਾਂ ਪ੍ਰੇਮ ਵਿੱਚ ਭਰ ਗਈਆਂ। ਜਿਹੜੇ ਕਦਮ ਭੈੜੇ ਤੇ ਮਾੜੇ ਪਾਸੇ ਚੱਲਦੇ ਸਨ ਉਹ ਨੇਕੀਆਂ ਕਰਨ ਦੀ ਮੰਗ ਕਰਨ ਲੱਗੇ। ਅਖੀਰ ਕੁੱਖੋਂ ਹਲਕਾ ਹੋ ਕੇ ਭਾਈ ਪਤੰਗ ਜੀ ਨੂੰ ਬੇਨਤੀ ਕਰਨ ਲੱਗਾ।

ਭਾਈ ਸਾਹਿਬ ਜੀ ਮੇਰੀ ਤੋਬਾ ਹੈ ਮੈਨੂੰ ਨੇਕੀਆਂ ਦਾ ਮਾਰਗ ਦੇਵੋ ਆਪ ਜੀ ਦੇ ਦਰਸ਼ਨ ਕਰਕੇ ਤਨ ਮਨ ਠਰ੍ਹਿਆ ਹੈ। ਅੱਜ ਪਹਿਲੀ ਵਾਰ ਕਿਸੇ ਮਨੁੱਖ ਦੇ ਦਰਸ਼ਨ ਕਰਕੇ ਜੀਵਨ ਵਿੱਚ ਤਬਦੀਲੀ ਆਈ ਹੈ। ਤੁਹਾਨੂੰ ਤੁਹਾਡੇ ਮੁਰਸ਼ਦ (ਗੁਰੂ) ਦਾ ਵਾਸਤਾ ਹੈ। ਮੈਂ ਅੱਜ ਬਦੀਆਂ ਤੋਂ ਤੌਬਾ ਕਰਦਾ ਹਾਂ। ਮੈਨੂੰ ਨੇਕੀਆਂ ਦਾ ਮਾਰਗ ਦੇਵੋ ਜੀ। ਜੋ ਤੁਸੀਂ ਹੁਕਮ ਦੇਵੋਗੇ ਮੈਂ ਉਸ ਉਪਰ ਆਪਣੇ ਜੀਵਨ ਦੀ ਬਾਜੀ ਲਾ ਦੇਵਾਂਗਾ। ਤੁਹਾਡੇ ਦੱਸੇ ਰਸਤੇ ਤੇ ਚੱਲਾਗਾਂ ਹਰ ਆਉਣ ਵਾਲੀ ਕਠਿਨਾਈ ਪਾਰ ਕਰਾਂਗਾ।

ਉਧਰ ਉਸੇ ਹੀ ਨਗਰ ਦਾ ਰਹਿਣ ਵਾਲਾ ਪੰਡਿਤ ਰਾਮ ਲਾਲ, ਭਾਈ ਪਤੰਗ ਜੀ ਨੂੰ ਲੱਭਦਾ ਲੱਭਦਾ, ਰੌਂਦਾ-ਰੌਂਦਾ ਚਰਨਾਂ ਤੇ ਆ ਡਿੱਗਾ ਤੇ ਬੇਨਤੀ ਕਰਨ ਲੱਗਾ ਭਾਈ ਸਾਹਿਬ ਜੀ ਮੇਰੀਆਂ ਲੜਕੀਆਂ ਖੂਹ ਤੇ ਪਾਣੀ ਭਰ ਰਹੀਆਂ ਸਨ। ਦੋ ਪਠਾਣ ਘੋੜੀਆਂ ਤੇ ਆਏ ਪਹਿਲੇ ਪਾਣੀ ਪੀਤਾ ਫਿਰ ਜਾਂਦੇ ਜਾਂਦੇ ਮੇਰੀਆਂ ਲੜਕੀਆਂ ਸੁੰਦਰੀ ਤੇ ਮੁੰਦਰੀ ਨੂੰ ਚੁੱਕ ਕੇ ਲੈ ਗਏ ਹਨ। ਮੇਰੀਆਂ ਕੁੜੀਆਂ ਮੰਗੀਆਂ ਹਨ ਥੋੜੇ ਦਿਨਾਂ ਬਾਅਦ ਉਹਨਾਂ ਦਾ ਵਿਆਹ ਹੈ ਆਪ ਜੀ

ਉਹਨਾਂ ਦੀ ਇੱਜ਼ਤ ਬਚਾਵੇ ਜੀ।

ਭਾਈ ਪਤੰਗ ਜੀ ਨੇ ਦੁੱਲਾ ਭੱਟੀ ਨੂੰ ਕਿਹਾ ਪ੍ਰਮਾਤਮਾ ਨੇ ਤੇਰੇ ਵਾਸਤੇ ਪਹਿਲਾ ਨੇਕੀ ਕਰਮ ਪ੍ਰਗਟ ਕੀਤਾ ਹੈ। ਜਾ ਉਨ੍ਹਾਂ ਪਾਪੀਆਂ ਤੋਂ ਆਪਣੀਆਂ ਧੀਆਂ ਦੀ ਇੱਜ਼ਤ ਬਚਾ। ਉਹਨਾਂ ਪਾਪੀਆਂ ਨੂੰ ਦੰਡ ਦੇ ਕੇ ਬੱਚੀਆਂ ਨੂੰ ਜਲਦੀ-ਜਲਦੀ ਛੁਡਾਓ ਕਿਤੇ ਸਮਾਂ ਹੱਥੋਂ ਨਿਕਲ ਨਾ ਜਾਵੇ ਤਾਂ ਦੁੱਲਾ ਭੱਟੀ ਘੋੜੇ ਤੇ ਸਵਾਰ ਹੋਇਆ ਤੇ ਉਹਨਾਂ ਪਠਾਣਾਂ ਦਾ ਪਿੱਛਾ ਕਰਨ ਲੱਗਾ। ਉਧਰ ਪਠਾਣਾਂ ਨੂੰ ਕਿਸੇ ਨੇ ਦੱਸ ਦਿੱਤਾ ਕਿ ਦੁੱਲਾ ਭੱਟੀ ਤੁਹਾਡਾ ਪਿੱਛਾ ਕਰਦਾ ਆ ਰਿਹਾ ਹੈ। ਦੁੱਲਾ ਦਾ ਜ਼ੁਲਮ ਦੀ ਦੁਨੀਆਂ ਵਿੱਚ ਨਾਮ ਸੀ। ਉਹ ਦੋਨੋਂ ਪਠਾਣ ਡਰ ਗਏ ਜੇ ਸਾਨੂੰ ਦੁੱਲੇ ਨੇ ਫੜ ਲਿਆ ਤਾਂ ਪਤਾ ਨਹੀਂ ਸਾਡੇ ਨਾਲ ਕੀ ਕਰੇਗਾ। ਉਹ ਡਰਦੇ ਡਰਦੇ ਰਸਤੇ ਵਿੱਚ ਹੀ ਸੁੰਦਰੀ ਤੇ ਮੁੰਦਰੀ ਨੂੰ ਛੱਡ ਕੇ ਨੱਸ ਗਏ। ਦੋਨਾਂ ਲੜਕੀਆਂ ਨੂੰ ਲੈ ਕੇ ਦੁੱਲਾ ਭੱਟੀ ਭਾਈ ਪਤੰਗ ਜੀ ਪਾਸ ਪਹੁੰਚਿਆ ਤੇ ਦੱਸਿਆ ਕਿ ਭਾਈ ਜੀ ਲੜਕੀਆਂ ਦੀ ਇੱਜ਼ਤ ਬਚ ਗਈ ਹੈ।

ਦੂਜੇ ਪਾਸਿਓਂ ਪੰਡਤ ਰਾਮ ਲਾਲ ਫਿਰ ਆਪਣੇ ਘਰੋਂ ਰੋਂਦਾ-ਰੋਂਦਾ ਆਇਆ ਤੇ ਬੇਨਤੀ ਕਰਨ ਲੱਗਾ ਭਾਈ ਸਾਹਿਬ ਜੀ ਦੁੱਲੇ ਨੂੰ ਆਖੋ ਜਿੱਥੋਂ ਇਹਨਾਂ ਲੜਕੀਆਂ ਨੂੰ ਲਿਆਇਆ ਹੈ ਉਥੇ ਹੀ ਛੱਡ ਆਵੇ ਜਿਹਨਾਂ ਪੰਡਿਤਾਂ ਦੇ ਘਰ ਇਹ ਲੜਕੀ ਮੰਗੀਆਂ ਸਨ ਤੇ ਥੋੜ੍ਹੇ ਦਿਨ ਬਾਅਦ ਵਿਆਹ ਕਰਨੇ ਸਨ। ਉਹ ਦੋਨੋਂ ਹੀ ਪੰਡਿਤ ਆ ਕੇ ਘਰ ਜਵਾਬ ਦੇ ਗਏ ਹਨ। ਸਾਡੀ ਸਾਰੀ ਬਰਾਦਰੀ ਭਾਈਚਾਰਾ ਨੇ ਆਖਿਆ ਹੈ ਜਿਹੜੀ ਇੱਜ਼ਤ ਘਰ ਤੋਂ ਚਲੀ ਜਾਵੇ ਉਹ ਫਿਰ ਮੁੜ ਨਹੀਂ ਆਉਂਦੀ। ਹੁਣ ਤੇਰੀਆਂ ਲੜਕੀਆਂ ਦਾ ਰਿਸ਼ਤਾ ਕਿਸੇ ਨੇ ਨਹੀਂ ਲੈਣਾ, ਤੇਰੀਆਂ ਲੜਕੀਆਂ ਘਰ ਵਿੱਚ ਬੈਠੀਆਂ ਹੀ ਰਹਿਣਗੀਆਂ। ਲੜਕੀਆਂ ਕੁਆਰੀਆਂ ਵੇਖ-ਵੇਖ ਕੇ ਨਿੱਤ ਹੀ ਮਰਿਆ ਕਰੇਂਗਾ। ਇਸ ਤੋਂ ਚੰਗਾ ਹੈ ਜੋ ਲੈ ਗਏ ਹਨ ਉਹੀ ਰੱਖ ਲੈਣ ਤਾਂ ਕਿ ਤੈਨੂੰ ਨਿੱਤ ਨਾ ਮਰਨਾ ਪਏ।

ਇਸ ਵਾਸਤੇ ਇਹਨਾਂ ਨੂੰ ਉਥੇ ਹੀ ਛੱਡ ਆਵੋ ਜੀ।

ਭਾਈ ਪਤੰਗ ਜੀ ਆਖਣ ਲੱਗੇ ਦੁੱਲਾ! ਰੱਬ ਨੇ ਤੇਰੇ ਲਈ ਦੂਜਾ ਨੇਕੀ ਦਾ ਕੰਮ ਜਿੰਮੇਂ ਲਾਇਆ ਹੈ। ਇਹ ਲੜਕੀਆਂ ਸੁੰਦਰੀ ਤੇ ਮੁੰਦਰੀ ਦਾ ਪਿਤਾ ਬਣ ਕੇ ਇਹਨਾਂ ਦੇ ਵਿਆਹ ਵੀ ਆਪਣੇ ਹੱਥੀਂ ਕਰ ਜੋ ਤੈਨੂੰ ਕਰਿਆਨਾ (ਖਾਣ ਵਾਲੀਆਂ ਚੀਜ਼ਾਂ) ਜ਼ਰੂਰ ਹੋਵੇ ਗੁਰੂ ਨਾਨਕ ਦੀ ਹੱਟੀ ਹੈ ਉਥੋਂ ਮੰਗਾਂ ਲੈਣੀਆਂ। ਰਿਸ਼ਤੇ ਵੀ ਜਿਨ੍ਹਾਂ ਪੰਡਿਤਾਂ ਨੇ ਛੱਡੇ ਹਨ ਉਥੇ ਹੀ ਕਰੋ ਬਸ ਫਰਕ ਇੰਨਾਂ ਹੈ ਕਿ ਪਹਿਲੇ ਇਹ ਲੜਕੀਆਂ ਪੰਡਿਤ ਰਾਮ ਲਾਲ ਦੀਆਂ ਸਨ ਹੁਣ ਇਹ ਲੜਕੀਆਂ ਦੁੱਲਾ ਭੱਟੀ ਦੀਆਂ ਹਨ।

ਦੁੱਲਾ ਭੱਟੀ ਨੇ ਆਪਣੇ ਦੋ ਸਾਥੀਆਂ ਨੂੰ ਭੇਜਿਆ ਕਿ ਜਾ ਕੇ ਪੰਡਿਤ ਕਿਰਪਾ ਰਾਮ ਤੇ ਪੰਡਿਤ ਖੁਸ਼ੀ ਰਾਮ ਨੂੰ ਦੱਸੋ ਕਿ ਸੁੰਦਰੀ ਤੇ ਮੁੰਦਰੀ ਤੁਹਾਡੇ ਘਰਾਂ ਵਿੱਚ ਮੰਗੀਆਂ (ਰਿਸ਼ਤਾ ਹੋਇਆ) ਹਨ। ਹੁਣ ਉਹਨਾਂ ਦਾ ਪਿਤਾ ਦੁੱਲਾ ਭੱਟੀ ਹੈ। ਇਹ ਰਿਸ਼ਤਾ ਮਨਜ਼ੂਰ ਕਰਦੇ ਹੋ ਕਿ ਦੁੱਲਾ ਭੱਟੀ ਆਪ ਆਵੇ। ਕਿਰਪਾ ਰਾਮ ਤੇ ਖੁਸ਼ੀ ਰਾਮ ਡਰ ਗਏ ਕਿ ਜੇ ਦੁੱਲਾ ਭੱਟੀ ਘਰ ਆ ਗਿਆ ਤਾਂ ਪਤਾ ਨਹੀਂ ਕੀ ਕਰ ਗੁਜ਼ਰੇਗਾ। ਉਹਨਾਂ ਨੇ ਇਹ ਰਿਸ਼ਤੇ ਪ੍ਰਵਾਨ ਕਰ ਲਏ ਤੇ ਖੁਸ਼ੀ ਖੁਸ਼ੀ ਜੰਜ ਲਿਆਉਣ ਨੂੰ ਤਿਆਰ ਹੋ ਗਏ।

ਸਿਆਣੇ ਮਨੁੱਖਾਂ ਦੀ ਵਿਚਾਰ ਹੈ ਕਿ ਅਮੀਰ ਤੇ ਜ਼ਾਲਮ ਲੋਕਾਂ ਦੇ ਔਗੁਣ ਢੱਕੇ ਜਾਂਦੇ ਹਨ। ਗਰੀਬ ਤੇ ਨਿਤਾਣਿਆਂ ਦੇ ਗੁਣ ਵੀ ਔਗੁਣ ਬਣ ਜਾਂਦੇ ਹਨ। ਦੁੱਲੇ ਦਾ ਜ਼ੁਲਮ ਦੀ ਦੁਨੀਆਂ ਵਿੱਚ ਨਾਮ ਸੀ। ਇਸ ਵਾਸਤੇ ਕਿਰਪਾ ਤੇ ਖੁਸ਼ੀ-ਰਾਮ ਦੋਨੋਂ ਪੰਡਿਤ ਆਪ ਆ ਕੇ ਬੇਨਤੀ ਕੀਤੀ ਸਾਨੂੰ ਕੋਈ ਦਾਜ ਦਹੇਜ ਦੀ ਕੋਈ ਲੋੜ ਨਹੀਂ ਤੁਸੀਂ ਸੇਰ ਸੇਰ ਸ਼ੱਕਰ ਦੇ ਕੇ ਹੀ ਵਿਆਹ ਕਰ ਦੇਵੋ। ਸਾਨੂੰ ਆਪ ਜੀ ਦੀ ਹਰ ਸ਼ਰਤ ਮਨਜ਼ੂਰ ਹੈ। ਦੱਸੋ ਕਿਸ ਦਿਨ ਬਰਾਤ ਲੈ ਕੇ ਆਈਏ। ਦੁੱਲਾ ਭੱਟੀ ਆਪ ਮੁਸਲਮਾਨ ਸੀ। ਇਸ ਵਾਸਤੇ ਉਸਨੇ ਪੰਡਿਤ

ਰਾਮ ਲਾਲ ਨੂੰ ਅੱਗੇ ਲਾ ਕੇ ਵਿਆਹ ਦੇ ਸਾਰੇ ਕਾਰਜ ਸੰਪੂਰਨ ਕੀਤੇ ।

ਵਿਆਹ ਵਿੱਚ ਸੱਦਾ ਭਾਈ ਪਤੰਗ ਜੀ ਤੇ ਦੁੱਲਾ ਭੱਟੀ ਵੱਲੋਂ ਸੀ ਇਸ ਵਾਸਤੇ ਪੂਰੇ ਇਲਾਕੇ ਦੇ ਲੋਕ ਆਏ । ਲੰਗਰ ਦਾ ਸਾਰਾ ਖਰਚ ਭਾਈ ਪਤੰਗ ਜੀ ਨੇ ਕੀਤਾ ਤੇ ਮਿਸ਼ਠਾਨ, ਉਹਨਾਂ ਦਿਨਾਂ ਵਿੱਚ ਸ਼ੱਕਰ ਤੇ ਘੀ ਵਰਤੇ ਜਾਂਦੇ ਸਨ । ਜਿਹੜੇ ਹੱਥਾਂ ਨੇ ਅੱਜ ਤੱਕ ਲੋਕਾਂ ਨੂੰ ਜ਼ਹਿਰ (ਮਾੜੇ ਨਸ਼ੇ) ਹੀ ਵਰਤਾਈ ਸੀ । ਜਿਹੜੇ ਹੱਥਾਂ ਨੇ ਲੋਕਾਂ ਦੀਆਂ ਇੱਜ਼ਤਾਂ ਲਾਹੀਆਂ ਸਨ । ਜਿਹੜਾ ਸਿਰ ਕਿਸੇ ਅੱਗੇ ਨਹੀਂ ਸੀ ਝੁਕਿਆ, ਜਿਹੜੇ ਪੈਰ ਮਾੜੇ ਪਾਸੇ (ਕੁਸੰਗਤ) ਵੱਲ ਚੱਲੇ ਸਨ। ਅੱਜ ਉਹ ਭਾਈ ਪਤੰਗ ਜੀ ਦੀ ਸੰਗਤ ਨਾਲ ਭਾਈ ਦੁੱਲਾ ਭੱਟੀ ਬਣ ਕੇ ਮਿਸ਼ਠਾਨ (ਮਿੱਠਾ) ਆਪਣੇ ਵੱਲੋਂ ਵਰਤਾ ਰਿਹਾ ਸੀ ਤੇ ਸਭ ਅੱਗੇ ਹੱਥ ਜੋੜ ਰਿਹਾ ਸੀ ਤੇ ਨਿਮਰਤਾ ਨਾਲ ਸਿਰ ਝੁਕਾਇਆ ਸੀ ਤੇ ਭਾਈ ਦੁੱਲਾ ਭੱਟੀ ਨੇ ਆਪਣੇ ਸਾਰੇ ਸਾਥੀਆਂ ਨੂੰ ਵੀ ਵਰਜ ਕੇ ਨੇਕੀਆਂ ਵੱਲ ਤੋਰਿਆ । ਉਹ ਦਿਨ ਇਤਿਹਾਸ ਦਿਨ ਬਣ ਗਿਆ ।

ਮੌਸਮ ਠੰਡ ਦਾ ਸੀ ਪੋਹ ਮਹੀਨੇ ਦਾ ਆਖਰੀ ਦਿਨ ਬਣ ਗਿਆ । ਧੂਣੀਆਂ ਤਪਾ ਕੇ, ਲੋਹੜੀ ਜਗਾ ਕੇ ਭਾਵ ਸੱਚ ਦੀ ਮਿਸਾਲ ਕਾਇਮ ਕੀਤੀ । ਇਸਤਰੀਆਂ ਤੇ ਬੱਚਿਆਂ ਨੇ ਮਿਲ ਕੇ ਪਿਆਰ ਦੇ ਗੀਤ ਗਾਏ । ਰਿਉੜੀਆਂ ਅਤੇ ਮੂੰਗਫਲੀਆਂ ਵੰਡੀਆਂ ਗਈਆਂ।

ਸੁੰਦਰ ਮੁੰਦਰੀਏ ਹੋ,
ਤੇਰਾ ਕੌਣ ਵਿਚਾਰਾ ਹੋ,
ਦੁੱਲਾ ਭੱਟੀ ਵਾਲਾ ਹੋ,

ਦੁੱਲੇ ਧੀ ਵਿਆਹੀ ਹੋ,
ਸ਼ੇਰ ਸ਼ੱਕਰ ਪਾਈ ਹੋ,
ਸੋਹਣਾ ਕਾਜ ਰਚਾਇਆ ਹੋ,

ਸੱਚ ਕਾਰ ਕਮਾਈ ਹੋ,

ਦੁੱਲੇ ਜੱਗ ਰੋਸ਼ਨਾਈ ਹੋ,

ਬਦੀਆਂ ਛੱਡ ਨੇਕੀ ਪਾਈ ਹੋ।

ਭਾਈ ਦੁੱਲਾ ਭੱਟੀ ਨੇ ਦੋਨਾਂ ਬਰਾਤਾਂ ਤੇ ਆਈ ਸੰਗਤ ਨੂੰ ਘੀ ਸ਼ੱਕਰ ਰੱਜ ਰੱਜ ਕੇ ਖਵਾਇਆ। ਜਿਵੇਂ ਵਿਆਹ-ਸ਼ਾਦੀਆਂ ਸਮੇਂ ਭਾਜੀ (ਮਿਠਾਈ) ਘਰ ਵਾਸਤੇ ਵੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਭਾਈ ਦੁੱਲਾ ਭੱਟੀ ਨੇ ਸਭ ਨੂੰ ਸੇਰ ਸੇਰ (ਕਿੱਲੋ-ਕਿੱਲੋ) ਸ਼ੱਕਰ ਘਰ ਲੈ ਜਾਣ ਵਾਸਤੇ ਵੀ ਦਿੱਤੀ। ਇਹ ਸਾਰਾ ਸਮਾਗਮ ਖੁਸ਼ੀਆਂ ਨਾਲ ਪੂਰਾ ਹੋਇਆ।

ਇਸ ਤਰ੍ਹਾਂ ਅਗਲੇ ਸਾਲ ਬੀਬੀ ਸੁੰਦਰੀ ਜੀ ਘਰ ਲੜਕਾ ਹੋਇਆ ਅਤੇ ਬੀਬੀ ਮੁੰਦਰੀ ਜੀ ਘਰ ਲੜਕੀ ਨੇ ਜਨਮ ਲਿਆ। ਇਹਨਾਂ ਬੱਚਿਆਂ ਦੇ ਆਉਣ ਦੀ ਖੁਸ਼ੀ ਵਿੱਚ ਫਿਰ ਲੋਹੜੀਆਂ, ਮਨਾਈਆਂ ਗਈਆਂ, ਫਿਰ ਭਾਈ ਦੁੱਲਾ ਭੱਟੀ ਨੇ ਅਨੇਕਾਂ ਬੱਚਿਆਂ ਦੇ ਵਿਆਹ ਆਪਣੇ ਹੱਥੀਂ ਕਰਨੇ। ਫਿਰ ਜਦੋਂ ਉਹਨਾਂ ਘਰ ਸੰਤਾਨ ਲੜਕਿਆਂ ਨੇ ਜਨਮ ਲੈਣੇ ਤਾਂ ਪੋਹ ਦਾ ਅਖੀਰਲੇ ਦਿਨ ਨੂੰ ਲੋਹੜੀ ਦਾ ਸਨਮਾਨ ਮਿਲਿਆ। ਸਹਿਜੇ-ਸਹਿਜੇ ਪੂਰੇ ਪੰਜਾਬ ਵਿੱਚ, ਫਿਰ ਪੂਰੇ ਭਾਰਤ ਵਿੱਚ ਇਹ ਦਿਨ ਮਨਾਇਆ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖ ਭਾਈ ਪਤੰਗ ਜੀ ਦੀ ਸੰਗਤ ਦਾ ਫੱਲ ਇਹ ਮਿਲਿਆ। ਜਦੋਂ ਤੱਕ ਧਰਤ, ਪਤਾਲ, ਅਕਾਸ਼, ਬ੍ਰਹਿਮੰਡ ਰਹੇਗਾ ਉਦੋਂ ਤੱਕ ਭਾਈ ਦੁੱਲਾ ਭੱਟੀ ਅਮਰ ਰਹੇਗਾ। ਤੇ ਭਾਈ ਪਤੰਗ ਜੀ ਦੀਆਂ ਗੁੱਡੀਆਂ ਗੁੱਡੇ ਆਕਾਸ਼ ਵਿੱਚ ਨੇਕੀਆਂ ਬਣ ਕੇ ਉਡਦੇ ਰਹਿਣਗੇ। ਦੁਨੀਆਂ ਵਾਲੇ ਨੇਕੀਆਂ ਕਰਨ ਵਾਲਿਆਂ ਦੇ ਜੱਸ ਗਾਉਂਦੇ ਰਹਿਣਗੇ।

ਸ੍ਰੀ ਮੁਕਤਸਰ ਸਾਹਿਬ

ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਬਹੁਤ ਕੀਮਤੀ ਹੈ, ਇਹ ਯੁੱਧ ਵੀ ਵਿਲੱਖਣ ਹੈ। ਜਦੋਂ ਇਸ ਖਿਦਰਾਣੇ ਦੀ ਢਾਬ ਨੂੰ ਖੋਜਿਆ ਤਾਂ ਬਹੁਤ ਕੀਮਤੀ ਪੱਖ ਸਾਹਮਣੇ ਆਏ । ਜਿਵੇਂ ਹਰ ਅਸਥਾਨ ਦੀ ਮਹਿਮਾ ਵੱਖਰੀ ਵੱਖਰੀ ਹੈ ਤਿਵੇਂ ਇਹ ਅਸਥਾਨ ਵੀ ਭੁੱਲਿਆਂ ਨੂੰ ਬਖਸ਼ਣ ਵਾਲਾ ਹੈ । ਨਿਆਸਰਿਆਂ ਨੂੰ ਆਸਰਾ ਦੇਣ ਵਾਲਾ ਹੈ । ਨਿਗਤਿਆਂ ਨੂੰ ਗਤੀ ਦੇਣ ਵਾਲਾ ਹੈ, ਨਿਪੱਤਿਆਂ ਦੀ ਪੱਤ ਢੱਕਣ ਵਾਲਾ ਹੈ । ਨਿਰਗੁਣਿਆਂ ਨੂੰ ਗੁਰੂ ਮਿਲਾਵਣ ਵਾਲਾ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਆਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ, ਫਿਰ ਮਾਛੀਵਾੜਾ, ਆਲਮਗੀਰ, ਹੇਰਾਂ, ਲੰਮੇ ਜੱਟਪੁਰੇ, ਰਾਏ ਕਲਾਂ ਆਦਿ ਹੁੰਦੇ ਹੋਏ ਦੀਨਾ-ਕਾਂਗੜਾ ਕੁੱਝ ਸਮਾਂ ਰੁਕੇ ਇੱਥੇ ਜਫਰਨਾਮਾ ਲਿਖ ਔਰੰਗਜ਼ੇਬ ਨੂੰ ਭੇਜਿਆ ਫਿਰ ਆਪ ਰੁਖਾਲਾ, ਭਗਤਾਂ, ਵਾਂਦਰ, ਬਰਗਾੜੀ, ਬਹਿਬਲ, ਸਰਾਵਾਂ ਤੋਂ ਹੁੰਦੇ ਹੋਏ ਢਿਲਵਾਂ ਕਲਾ ਪੁੱਜ ਗਏ । ਇਸ ਵੇਲੇ ਤੱਕ ਆਪ ਨਾਲ ਕਾਫੀ ਸਿੰਘਾਂ ਦੀ ਫੋਜ ਤਿਆਰ ਹੋ ਗਈ ਸੀ । ਉਥੋਂ ਆਪ ਜੀ ਚੱਲ ਕੇ ਕੋਟਕਪੂਰੇ ਪੁੱਜੇ ਤੇ ਕਪੂਰੇ ਨਾਲ ਮਿਲੇ ਉਹ ਉਤੋਂ ਉਤੋਂ ਤਾਂ ਗੁਰੂ ਜੀ ਦੀ ਮਦਦ ਕਰ ਰਿਹਾ ਸੀ ਪਰ ਵਿੱਚੋਂ ਡਰਦਾ ਸੀ । ਇਸ ਵਾਸਤੇ ਉਸਨੇ ਆਪਣੀ ਭੈਣ ਕੋਲ ਤਲਵੰਡੀ ਸਾਬੋ ਜਾਣ ਵਾਸਤੇ ਸਲਾਹ ਦਿੱਤੀ ਫਿਰ ਪਾਤਸ਼ਾਹ ਜੈਤੋਂ ਦੀ ਜੂਹ ਵਿੱਚ ਪੁੱਜੇ ਉਥੇ ਸਿੰਘਾਂ ਨੂੰ ਤੀਰ-ਅੰਦਾਜ਼ੀ ਦਾ ਅਭਿਆਸ ਕਰਾਉਂਦੇ ਰਹੇ ਤੇ ਬਖਸ਼ਿਸ਼ਾਂ ਵੰਡਦੇ ਰਹੇ ।

ਉਥੋਂ ਗੁਰੂ ਜੀ ਚੋਤਰਾ ਪਿੰਡ ਆਏ ਇੱਥੇ ਇੱਕ ਬਹੁਤ ਸੁੰਦਰ ਤਾਲ

(ਸਰੋਵਰ) ਸੀ ਜਿਸਨੂੰ ਗੁਰੂ ਜੀ ਨੇ ਗੰਗਾ ਤੋਂ ਵੱਡਾ ਤੀਰਥ ਦੱਸਿਆ ਫਿਰ ਅਗਲਾ ਪੜ੍ਹਾਓ ਸੁਨਿਆਰ ਪਿੰਡ ਦਿੱਤਾ। ਉਤੇ ਸ਼ਾਮੂ ਤੇ ਫੱਤੇ ਨੇ ਬਹੁਤ ਸੇਵਾ ਕੀਤੀ, ਗੁਰੂ ਜੀ ਨੇ ਉਹਨਾਂ ਦੀਆਂ ਝੋਲੀਆਂ ਵਿਚ ਬਖਸ਼ਿਸਾਂ ਪਾਈਆਂ।

ਸ੍ਰੀ ਆਨੰਦਪੁਰ ਸਾਹਿਬ, ਚਮਕੌਰ ਸਾਹਿਬ ਅਤੇ ਸਰਹਿੰਦ ਦੇ ਸਾਕਿਆਂ ਦੀਅ ਖਬਰਾਂ ਸਭ ਪਾਸੇ ਪਹੁੰਚ ਗਈਆਂ ਸਨ ਤੇ ਗੁਰੂ ਕੇ ਸਿੱਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਲੱਭ ਰਹੇ ਸਨ ਤਾਂ ਪੱਟੀ ਦੇ ਰਹਿਣ ਵਾਲੇ ਭਾਈ ਦੇਸ ਰਾਜ ਜੀ ਦੇ ਭੋਗ (ਅੰਤਿਮ ਅਰਦਾਸ) ਸਮੇਂ ਉਸ ਇਲਾਕੇ ਦੇ ਬਹੁਤ ਸਾਰੇ ਸਿੱਖ ਪੁੱਜੇ ਤਾਂ ਉਥੇ ਇੱਕ ਸਿੱਖ ਨੇ ਸਾਰੀਆਂ ਸੰਗਤਾਂ ਨੂੰ ਸਾਰਾ ਹਾਲ ਸੁਣਾਇਆ ਤੇ ਸਭ ਸੰਗਤਾਂ ਦੇ ਦਿਲ ਭਰ ਆਏ ਤੇ ਅਫਸੋਸ ਜਾਹਿਰ ਕੀਤਾ ਕਿ ਸਾਨੂੰ ਸ੍ਰੀ ਆਨੰਦਪੁਰ ਸਾਹਿਬ ਦੇ ਹਾਲਾਤ ਪਤਾ ਨਹੀਂ ਸੀ। ਵਰਨਾ ਅਸੀਂ ਉਥੇ ਜਾ ਕੇ ਗੁਰੂ ਜੀ ਦਾ ਸਾਥ ਦਿੰਦੇ।

"ਮੱਥੇ ਦਾ ਦੋਸ਼ ਧੋਣ ਚੱਲੇ"

ਸਾਰੇ ਮਾਝੇ ਦੀ ਸੰਗਤ ਵਿੱਚ ਜ਼ਿਕਰ ਕੀਤਾ ਕਿ ਸਾਡੇ ਮੱਥੇ ਤੇ ਪਹਿਲੇ ਵੀ ਦੁਨੀ ਚੰਦ ਮਸੰਦ ਨੇ ਦੋਸ਼ ਲਗਾਇਆ ਹੈ। ਉਹ ਤਾਂ ਉਸਦੇ ਪੋਤਰਿਆਂ ਨੇ ਧੋਆ ਲਿਆ ਸੀ। ਹੁਣ ਜਿਹੜਾ ਦੋਸ਼ ਸਾਡੇ ਮੱਥੇ ਲੱਗਾ ਹੈ ਉਹ ਤਾਂ ਸਾਨੂੰ ਆਪ ਹੀ ਧੋਣਾ ਪੈਣਾ ਹੈ ਤਾਂ ਇੱਕ ਸਿੱਖ ਨੇ ਦੱਸਿਆ ਕਿ ਗੁਰੂ ਜੀ ਕੋਟਕਪੂਰੇ ਦੇ ਇਲਾਕੇ ਵਿੱਚ ਹਨ। ਇਹ ਸਾਰਾ ਜੱਥਾ ਗੁਰੂ ਜੀ ਵੱਲ ਚੱਲ ਪਿਆ। ਉਹਨਾਂ ਵਿੱਚ ਕੁੱਝ ਸੱਜਣ ਐਸੇ ਵੀ ਸਨ ਜੋ ਕਿ ਇਹ ਮਤਾ ਪਕਾ ਕੇ ਆਏ ਸਨ ਕਿ ਗੁਰੂ ਜੀ ਨੂੰ ਸਮਝਾਇਆ ਜਾਏ ਤੇ ਉਨ੍ਹਾਂ ਨੂੰ ਚੁੱਪ-ਕੱਟੀ ਕਰਨ ਲਈ ਪ੍ਰੇਰਿਆ ਜਾਏ।

ਉਹ ਆਨੰਦਪੁਰ ਸਾਹਿਬ ਤੋਂ ਮਾਲਵੇ ਵੱਲ ਗਏ ਹਨ ਤੇ ਮਾਝੇ ਵੱਲ ਨਹੀਂ ਆਏ। ਸਾਨੂੰ ਜਾ ਕੇ ਉਨ੍ਹਾਂ ਨੂੰ ਮਾਝੇ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਹਨਾਂ ਦੇ ਜੱਥੇਦਾਰ ਨੇ ਇਹ ਵੀ ਵਿਚਾਰ ਕੀਤੀ ਕਿ ਝਬਾਲ ਦੇ ਚੌਧਰੀ ਭਾਗ ਸਿੰਘ ਢਿਲੋਂ (ਬੀਬੀ ਭਾਗੋ ਕੌਰ ਦੇ ਵੱਡੇ ਭਰਾ) ਦੀ ਲਾਹੌਰ ਦੇ ਸੂਬੇਦਾਰ ਨਾਲ ਵਧੀਆ ਸੰਬੰਧ ਹਨ ਉਹਨਾਂ ਰਾਹੀਂ ਗੁਰੂ ਜੀ ਦਾ ਦਿੱਲੀ ਦਰਬਾਰ ਨਾਲ ਸਮਝੌਤਾ ਕਰਵਾਇਆ ਜਾ ਸਕਦਾ ਹੈ।

ਇਹ ਸਾਰਾ ਜੱਥਾ ਭਾਈ ਮਹਾਂ ਸਿੰਘ, ਭਾਈ ਭਾਗ ਸਿੰਘ ਝਬਾਲ ਭਾਈ ਸੁਲਤਾਨ ਸਿੰਘ ਵੜੈਚ ਅਤੇ ਭਾਈ ਨਿਧਾਨ ਸਿੰਘ (ਪਤੀ ਮਾਈ ਭਾਗੋ ਕੌਰ ਦਾ) ਤੇ 36 ਹੋਰ ਸਿੰਘ ਅਤੇ ਸਤਿਕਾਰ ਯੋਗ ਮਾਤਾ ਭਾਗ ਕੌਰ ਜੀ ਗੁਰੂ ਸਾਹਿਬ ਨੂੰ ਮਿਲਣ ਵਾਸਤੇ ਮਾਲਵੇ ਵੱਲ ਚਲ ਪਏ। ਇਹ ਸਾਰੇ ਸਿੰਘ ਗੁਰੂ ਸਹਿਬ ਦੀ ਭਾਲ ਵਿੱਚ ਪੱਟੀ ਤੋਂ ਮੱਖੂ ਤੇ ਜੀਰਾ ਫਿਰ ਮੋਗੇ ਕੋਲ ਦੀ ਰਸਤੇ ਵਿੱਚ ਪਤਾ ਲੱਗਾ ਕੇ ਗੁਰੂ ਜੀ ਰਾਮੇ ਆਣਾ ਤੋਂ ਰੂਪੇਆਣਾ ਦੇ ਰਸਤੇ ਵਿੱਚ ਹਨ।

ਫਿਰ ਇਹ ਜੱਥਾ ਰੂਪੇਆਣਾ ਪਿੰਡ ਦੀ ਰੋਹੀ ਵਿੱਚ (ਜਿੱਥੇ ਹੁਣ ਪਿੰਡ ਮਲ੍ਹਣ ਸੋਢੀਆਂ[1] ਹੈ) ਇੱਥੇ ਮਿਲਾਪ ਹੋਇਆ। ਗੁਰੂ ਜੀ ਨੇ ਸਿੰਘਾਂ ਦਾ ਜੱਥਾ ਤੇ ਸੰਗਤ ਆਉਂਦੀ ਵੇਖ ਕੇ ਉਥੇ ਹੀ ਰੁਕ ਗਏ ਅਤੇ ਵਿਸ਼ਰਾਮ ਦਾ ਹੁਕਮ ਦਿੱਤਾ ਤਾਂ ਚਾਦਰਾਂ ਵਿਛਾ ਕੇ ਬੈਠ ਗਏ। ਭਾਈ ਮਹਾਂ ਸਿੰਘ ਜੀ ਤੇ ਭਾਈ ਭਾਗ ਸਿੰਘ ਜੀ ਤੇ ਮਾਈ ਭਾਗੋ ਕੌਰ ਜੀ ਨੇ ਪਹਿਲੇ ਸ੍ਰੀ ਆਨੰਦਪੁਰ ਸਾਹਿਬ ਦੀ ਘਾਟ ਫਿਰ ਮਾਤਾ ਗੁਜਰੀ ਕੌਰ, ਫਿਰ ਸਾਹਿਬਜਾਦਿਆਂ ਅਤੇ ਬਾਕੀ ਸਿੰਘਾਂ ਦੇ ਸ਼ਹੀਦ ਹੋਣ ਦਾ ਅਫਸੋਸ ਕੀਤਾ।

1. ਸੋਢੀ ਕੌਲ, ਇਹ ਬਾਬਾ ਪ੍ਰਿਥੀਏ ਚੰਦ ਦੀ ਸੰਤਾਨ ਵਿੱਚੋਂ ਸਨ। ਇਹਨਾਂ ਵੱਡੇ ਪੁਰਖਾਂ ਨੇ ਮਾਫੀ ਮੰਗੀ ਫਿਰ ਸੇਵਾ ਕੀਤੀ। ਗੁਰੂ ਜੀ ਨੂੰ ਸਫੈਦ ਬਸਤਰ ਭੇਟਾ ਕੀਤੇ, ਅੰਮ੍ਰਿਤ ਦੀ ਦਾਤ ਪੋਤਰੇ ਨੂੰ ਦਿਵਾਈ। ਭਾਈ ਅਤੇ ਸਿੰਘ ਸਜਿਆ, ਫਿਰ ਗੁਰੂ ਜੀ ਨੇ ਸੋਢੀਆਂ ਤੇ ਧੀਰਮਲੀਆਂ ਨੂੰ ਅੰਮ੍ਰਿਤ ਛਕਾ ਕੇ ਮਾਫੀ ਦਿੱਤੀ, ਬਾਕੀਆਂ ਨੂੰ ਅੰਮ੍ਰਿਤ ਛਕਣ ਦਾ ਹੁਕਮ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨਾਂ ਨੂੰ ਸਮਝਾਇਆ ਕਿ ਇਹ ਸਭ ਵਾਹਿਗੁਰੂ ਦੀ ਲੀਲ੍ਹਾ ਹੈ । ਉਸਦੇ ਹੁਕਮ ਵਿੱਚ (ਭਾਣੇ ਅੰਦਰ) ਰਹਿਣਾ ਹੀ ਠੀਕ ਹੈ ਇਸ ਵਿੱਚ ਕੋਈ ਅਫਸੋਸ ਵਾਲੀ ਗੱਲ ਨਹੀਂ ਹੈ । ਉਸਦੀ ਰਜਾ ਹੀ ਇਸ ਤਰ੍ਹਾਂ ਸੀ, ਜਿਵੇਂ ਜਿਵੇਂ ਉਸਦਾ ਹੁਕਮ ਹੁੰਦਾ ਹੈ ਉਸੇ ਤਰ੍ਹਾਂ ਹੁੰਦਾ ਹੈ ।

"ਸਿੱਖਾਂ ਦੀ ਸਿਆਣਪ"

ਫਿਰ ਜਦੋਂ ਸਤਿਗੁਰੂ ਜੀ ਦਾ ਬਚਨ ਪੂਰਾ ਹੋਇਆ ਤਾਂ ਭਾਈ ਭਾਗ ਸਿੰਘ ਜੀ ਨੇ ਬੜੀ ਸਿਆਣਪ ਨਾਲ ਆਪਣਾ ਮਤਾ ਦੱਸਿਆ ਤੇ ਆਖਿਆ ਮਹਾਰਾਜ ਆਪ ਜੀ ਵੀ ਆਦਿ ਗੁਰੂ ਸਾਹਿਬਾਨ ਦਾ ਸ਼ਾਤੀ ਵਾਲਾ ਰਾਹ ਅਪਣਾਈ ਰੱਖੋ । ਸਾਡੇ ਲਈ ਸਿੱਖੀ ਨਿਭਾਉਣੀ ਮੁਸ਼ਕਿਲ ਹੋ ਰਹੀ ਹੈ । ਜੇਕਰ ਇਸੇ ਤਰ੍ਹਾਂ ਤੁਰਕ ਹਾਕਮਾਂ ਨਾਲ ਰੋਜ ਹੀ ਯੁੱਧ ਤੇ ਝਗੜੇ ਜਾਰੀ ਰੱਖੋਗੇ ਤਾਂ ਸਾਥੋਂ ਸਿੱਖੀ ਨਹੀਂ ਨਿਭ ਸਕੇਗੀ । ਕਿਉਂ ਜੋ ਸਾਰੇ ਦੇਸ਼ ਵਿੱਚ ਅਸੀਂ ਖਿੰਡੇ ਹੋਏ ਹਾਂ। ਬਾਦਸ਼ਾਹ ਦੀ ਰੱਇਅਤ ਬਣ ਕੇ ਵੱਸ ਰਹੇ ਹਾਂ ਜਿਸ ਬਾਦਸ਼ਾਹ ਦੀ ਕਮਾਨ ਵਿੱਚ ਲੱਖਾਂ ਦੀ ਫੌਜ ਤੇ ਸਾਜੋ-ਸਾਮਾਨ ਹੈ । ਉਸ ਨਾਲ ਲੜ੍ਹ ਕੇ ਭਲਾ ਕੌਣ ਜਿਤ ਸਕਦਾ ਹੈ ? ਸੋ ਜੇ ਤੁਸੀਂ ਆਖੋ ਤਾਂ ਹਾਕਮਾਂ ਵਿੱਚ ਪੈ ਕੇ ਸਾਰੀ ਗੱਲ ਨਿਬੇੜ ਦਈਏ। ਤੁਸੀਂ ਸਾਰੀ ਜ਼ਿਮੇਵਾਰੀ ਸਾਡੇ ਉਤੇ ਸੁੱਟੋ, ਫੈਸਲਾ ਅਸੀਂ ਕਰਾਵਾਂਗੇ। ਤੁਸੀਂ ਨਿਸ਼ਚਿਤ ਹੋ ਕੇ ਸੁਖੀ ਵੱਸੋ ਤੇ ਸਿੱਖਾਂ ਦੀ ਪ੍ਰੀਤ ਪਾਲੋ। ਅਸੀਂ ਸਿੱਖ ਰਹਾਂਗੇ ਤੇ ਤੁਸੀਂ ਸਾਡੇ ਗੁਰੂ ਬਣੇ ਰਹੋ । ਹਾਕਮਾਂ ਨਾਲ ਰੁੱਖ ਰਸੂਖ ਬਣਾਈ ਰੱਖਣਾ ਹੀ ਸਮੇਂ ਦੀ ਮੰਗ ਹੈ । ਗੁਰੂ ਜੀ ਧੀਰਜ ਤੇ ਠਰੰਮੇਂ ਨਾਲ ਭਾਗ ਸਿੰਘ ਝਬਾਲੀਏ ਦੀਆਂ ਗੱਲਾਂ ਸੁਣ ਰਹੇ ਸਨ ਤਾਂ ਉਸਨੂੰ ਲੱਗਿਆ ਜਿਵੇਂ ਗੁਰੂ ਜੀ ਉਸਦੀ ਗੱਲ ਸੁਣ ਕੇ ਹਾਂ ਕਰ ਦੇਣਗੇ ।

ਫਿਰ ਹੋਰ ਅੱਗੇ ਹੋ ਕੇ ਆਖਿਆ ਕਿ ਸਾਡੇ ਵੱਡੇ ਵਡੇਰਿਆਂ ਨੇ ਸਾਨੂੰ ਸਮਝਾਇਆ ਹੈ। ਸਮੇਂ ਦੀ ਸਰਕਾਰ ਨਾਲ ਬਣਾ ਕੇ ਰੱਖਣ ਵਿੱਚ ਹੀ ਫਾਇਦਾ ਹੈ। ਮੇਰੀ ਲਾਹੌਰ ਦੇ ਸੂਬੇਦਾਰ ਨਾਲ ਕਾਫੀ ਨੇੜਤਾ ਹੈ ਅਤੇ ਮੈਂ ਸੂਬੇਦਾਰ ਜਾਂ ਕਿਸੇ ਹੋਰ ਦਰਬਾਰੀ ਰਾਹੀਂ ਦਿੱਲੀ ਸਰਕਾਰ ਨਾਲ ਤੁਹਾਡਾ ਸਮਝੌਤਾ ਕਰਵਾ ਦਿੰਦਾ ਹਾਂ।

" ਗੁਰੂ ਜੀ ਨੇ ਜਵਾਬ ਦਿੱਤਾ"

ਫਿਰ ਉਹਨਾਂ ਨੂੰ ਸੰਬੋਧਨ ਕਰਕੇ ਥੋੜਾ ਵੀਰ ਰਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੋਲੇ ਸਿੱਖ ਤਾਂ ਹੁੰਦੇ ਨੇ ਗੁਰੂ ਉਪਦੇਸ਼ ਲੈਣ ਵਾਸਤੇ ਤੇ ਤੁਸੀਂ ਸਾਨੂੰ ਉਲਟਾ ਉਪਦੇਸ਼ ਦੇਣ ਲੱਗ ਪਏ, ਤੁਹਾਡੇ ਉਪਦੇਸ਼ ਦੇਣ ਦੀ ਲੋੜ ਨਹੀਂ ਹੈ। ਅੱਜ ਤੁਸੀਂ ਸਾਡੇ ਝਗੜੇ ਨਿਬੇੜਣ ਆਏ ਹੋ। ਹੁਣ ਤੁਹਾਨੂੰ ਇਹ ਉਪਦੇਸ਼ ਦਿੰਦੇ ਹੋਏ ਲੱਜਾ ਆਉਣੀ ਚਾਹੀਦੀ ਹੈ। ਐਸੇ ਪੁਰਸ਼ਾਂ ਨੂੰ ਸਿੱਖ ਬਣਾ ਕੇ ਕੀ ਲੈਣਾ ਹੈ ਜਿਹੜੇ ਆਪਣੀ ਅਣਖ ਛਿੱਕੇ ਟੰਗ ਆਏ ਹੋਣ ? ਤੁਸੀਂ ਹੁਣ ਸਰਕਾਰ ਨਾਲ ਸਮਝੌਤੇ ਦੀ ਗੱਲ ਕਰਦੇ ਹੋ। ਤੁਹਾਡੇ ਸਿਆਣੇ ਵੱਡੇ-ਵਡੇਰੇ ਉਦੋਂ ਕਿੱਥੇ ਸਨ? ਜਦੋਂ ਪੰਜਵੇਂ ਪਾਤਸ਼ਾਹ ਸ਼ਹੀਦ ਕੀਤੇ ਗਏ ਸਨ। ਉਹਨਾਂ ਨੇ ਕਿਹੜੇ ਸ਼ਸਤਰ ਚੁੱਕੇ ਸਨ। ਜਦੋਂ ਸ਼ਾਂਤੀ ਦੇ ਪੁੰਜ ਨੂੰ ਤੱਤੀ ਤੱਵੀ ਤੇ ਬਿਠਾਇਆ। ਫਿਰ ਛੇਵੇਂ ਪਾਤਸ਼ਾਹ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਨਜ਼ਰ ਬੰਦ ਕੈਦ ਰੱਖਿਆ ਸੀ। ਫਿਰ ਵੀ ਪਰਉਪਕਾਰੀ ਗੁਰੂ ਨੇ ਬਵੰਜਾ ਰਾਜਿਆਂ ਨੂੰ ਰਿਹਾ ਕਰਵਾਇਆ। ਫਿਰ ਉਹਨਾਂ ਦੀ ਸੰਤਾਨ ਨੇ ਸਾਡੇ ਤੇ ਹਮਲੇ ਕੀਤੇ ਤੁਸੀਂ ਉਹਨਾਂ ਨੂੰ ਤਾਂ ਨਹੀਂ ਸਮਝਾਇਆ। ਫਿਰ ਜਦੋਂ ਸਾਡੇ ਪਿਤਾ ਗੁਰਦੇਵ ਨੂੰ ਦਿੱਲੀ ਵਿਚ ਲਿਜਾ ਕੇ ਸ਼ਹੀਦ ਕੀਤਾ ਸੀ। ਫਿਰ ਸ੍ਰੀ ਆਨੰਦਪੁਰ ਸਾਹਿਬ

ਵਿਚ ਕਈ ਮਹੀਨੇ ਘੇਰਾ ਪਿਆ ਰਿਹਾ ਤਾਂ ਵੀ ਤੁਸੀਂ ਨਹੀਂ ਆਏ ਸਮਝੌਤਾ ਕਰਾਉਣ। ਸਾਡੇ ਪਿਆਰੇ ਪਿਆਰੇ ਸਿੰਘ, ਭਾਈ ਹਿੰਮਤ ਸਿੰਘ ਭਾਈ ਮੋਹਕਮ ਸਿੰਘ ਪਿਆਰੇ ਸਾਹਿਬ ਸਿੰਘ ਤੇ ਚਾਰ ਮਾਸੂਮ ਬੱਚੇ, ਬਿਰਧ ਮਾਤਾ ਗੁਜ਼ਰੀ ਕੌਰ ਅਨੇਕਾਂ ਸਿੰਘ ਸਿੰਘਣੀਆਂ ਦੀ ਸ਼ਹਾਦਤ ਹੋ ਗਈ ਹੈ। ਅਸੀਂ ਹੁਣ ਜ਼ਾਲਮ ਸਰਕਾਰ ਨਾਲ ਸਮਝੌਤਾ ਕਰ ਲਈਏ। ਤੁਸੀਂ ਹੁਣ ਕੀ ਲੈਣ ਆਏ ਹੋਏ? ਕਿਰਪਾ ਕਰੋ ਤੇ ਆਪਣੇ ਘਰਾਂ ਨੂੰ ਮੁੜ ਜਾਓ। ਤੁਹਾਨੂੰ ਅਜਿਹੀਆਂ ਗੱਲਾਂ ਕਰਨ ਲੱਗਿਆਂ ਸੰਗ ਨਹੀਂ ਆਉਂਦੀ?"

"ਸਾਥੋਂ ਇਹੋ ਜਿਹੀ ਸਿੱਖੀ ਨਹੀਂ ਨਿਭਣੀ"

ਗੁਰੂ ਸਾਹਿਬ ਜੀ ਦਾ ਜਵਾਬ ਸੁਣ ਕੇ, ਭਾਈ ਮਹਾਂ ਸਿੰਘ ਤੇ ਭਾਗ ਸਿੰਘ ਆਖਣ ਲੱਗੇ ਜੇ ਤੁਸੀਂ ਇੰਝ ਹੀ ਰਹਿਣਾ ਹੈ ਤਾਂ ਤੁਹਾਡੀ ਸਾਡੀ ਨਿਭ ਨਹੀਂ ਸਕਦੀ। ਸਾਥੋਂ ਇਹੋ ਜਿਹੀ ਸਿੱਖੀ ਨਹੀਂ ਨਿਭਣੀ ਫਿਰ ਅਸੀਂ ਵਾਪਿਸ ਚਲੇ ਜਾਂਦੇ ਹਾਂ ਗੁਰੂ ਜੀ ਕਹਿਣ ਲੱਗੇ: ਅਸੀਂ ਤੁਹਾਨੂੰ ਮਦਦ ਵਾਸਤੇ ਤਾਂ ਨਹੀਂ ਬੁਲਾਇਆ। ਤੁਸੀਂ ਆਪੇ ਹੀ ਆਏ ਹੋ। ਪਰ ਜੇਕਰ ਤੁਹਾਡੇ ਤੋਂ ਸਿੱਖੀ ਨਹੀਂ ਨਿਭ ਸਕਦੀ ਤਾਂ ਠੀਕ ਹੈ ਲਓ, ਕਾਗਜ਼ ਤੇ ਲਿਖ ਦਿਓ ਕਿ ਸਾਡਾ ਇਲਾਕਾ ਅੱਜ ਤੋਂ ਗੁਰੂ ਦਾ ਸਿੱਖ ਨਹੀਂ ਰਿਹਾ ਜਦੋਂ ਗੁਰੂ ਜੀ ਦੇ ਐਸੇ ਬੋਲ ਭਾਈ ਮਾਨ ਸਿੰਘ ਜੀ ਨੇ ਸੁਣੇ ਤਾਂ ਉਸੇ ਵਕਤ ਕਾਗਜ਼, ਕਲਮ ਤੇ ਦਵਾਤ ਕੱਢ ਕੇ ਭਾਈ ਮਹਾਂ ਸਿੰਘ ਅੱਗੇ ਰੱਖ ਦਿੱਤੀ।

ਇਹ ਦੇਖ ਕੇ ਜੋਸ਼ ਤੇ ਉਬਾਲ ਵਿੱਚ ਆਏ ਇਹਨਾਂ ਸਿੰਘਾਂ ਨੇ ਬੇਦਾਵਾ ਲਿਖ ਦਿੱਤਾ ਤੇ ਹੇਠਾਂ ਆਪਣੇ ਦਸਤਖਤ ਕਰ ਦਿੱਤੇ।

ਪਹਿਲੇ ਦਸਤਖ਼ਤ ਭਾਈ ਮਹਾਂ ਸਿੰਘ ਨੇ ਕੀਤੇ, ਫਿਰ ਭਾਗ ਸਿੰਘ

ਸੂਰਜ ਪ੍ਰਕਾਸ਼ ਦੇ ਕਰਤਾ ਨੇ ਲਿਖਿਆ ਹੈ-(ਅੰਸੂ-੮, ਰੁੱਤ-੬)
1. ਜੇ ਜੇ ਬੇਮੁੱਖ ਸਿਦਕ ਬਿਨ, ਸਿਮਰਿ ਪੰਚਾਇਤ ਬਾਤ। ਲਿਖ ਦੇ ਬਿਦਾਵਾ ਦੇਹਿ ਬਿਨ ਗੁਰੂ ਸਿਖ ਨਹੀਂ ਕਦਾਂਤ।

ਦਿਲਬਾਗ ਸਿੰਘ, ਗੰਡਾ ਸਿੰਘ ਇਹਨਾਂ ਤੋਂ ਬਾਅਦ ਹੋਰ ਸਿੰਘਾਂ ਨੇ ਦਸਤਖਤ ਨਹੀਂ ਕੀਤੇ। ਅਜੇ ਇਹ ਗੱਲਾਂ ਚੱਲ ਹੀ ਰਹੀਆਂ ਸਨ ਕਿ ਇਕ ਸੂਹੀਏ ਸਿੱਖ ਨੇ ਖਬਰ ਦਿੱਤੀ ਕਿ ਸੂਬਾ ਸਰਹਿੰਦ ਦੀ ਫੌਜ ਇਸ ਇਲਾਕੇ ਦੇ ਨੇੜੇ ਹੀ ਆ ਪੁੱਜੀ ਹੈ। ਇਸਤੇ ਗੁਰੂ ਸਾਹਿਬ ਨੇ ਸਿੰਘਾਂ ਨੂੰ ਘੋੜਿਆਂ ਤੇ ਸਵਾਰ ਹੋ ਕੇ ਅੱਗੇ ਕੂਚ ਕਰਨ ਦਾ ਹੁਕਮ ਦਿੱਤਾ। ਗੁਰੂ ਜੀ ਨੇ ਇਹਨਾਂ ਸਿੰਘਾਂ ਦਾ ਦਿੱਤਾ ਬੇਦਾਵਾ ਆਪਣੇ ਕਮਰ ਕੱਸੇ ਵਿਚ ਰੱਖ ਲਿਆ ਤੇ ਅੱਗੇ ਚਾਲੇ ਪਾ ਦਿੱਤੇ। ਤੇ ਖਿਦਰਾਣੇ ਦੀ ਢਾਬ ਦੇ ਕੋਲ ਉਚੇ ਟਿੱਬੇ ਤੇ ਆਸਣ ਕੀਤਾ।

"ਮਾਈ ਭਾਗੋ ਕੌਰ ਦੀ ਲਲਕਾਰ"

ਗੁਰੂ ਸਾਹਿਬ ਜੀ ਦੇ ਜਾਣ ਮਗਰੋਂ ਮਾਈ ਭਾਗੋ ਕੌਰ ਬੀਰ ਰਸ ਵਿੱਚ ਭਰ ਕੇ ਇਨ੍ਹਾਂ ਚਾਲੀ ਸਿੰਘਾਂ ਵੱਲ ਮੂੰਹ ਕਰਕੇ ਆਖਿਆ: ਅੱਜ ਤੁਸੀਂ ਗੁੱਸੇ ਵਿੱਚ ਆ ਕੇ ਤੇ ਉਸ ਚੌਧਰੀ ਨੂੰ ਖੁਸ਼ ਕਰਨ ਵਾਸਤੇ ਕਿ ਗੁਰੂ ਨੇ ਸਾਡੀ ਗੱਲ ਨਹੀਂ ਮੰਨੀ ਇਸ ਵਾਸਤੇ ਅਸੀਂ ਵੀ ਬੇਦਾਵਾ ਲਿਖ ਆਏ ਹਾਂ। ਤੁਸੀਂ ਚੌਧਰੀ ਨੂੰ ਤਾਂ ਖੁਸ਼ ਕਰ ਲਵੋਗੇ ਪਰ ਮਝੈਲਾ ਦੇ ਮੱਥੇ ਤੇ ਬੇਮੁੱਖ ਦਾਗ ਨਹੀਂ ਧੋ ਸਕਦੇ। ਹੁਣ ਅਸੀਂ ਕਿਹੜਾ ਮੂੰਹ ਲੈ ਕੇ ਵਾਪਸ ਵਤਨਾਂ ਨੂੰ ਜਾਵਾਂਗੇ। ਤੁਹਾਨੂੰ ਘਰ ਗਿਆਂ ਨੂੰ ਘਰ ਵਾਲੀਆਂ ਕੀ ਆਖਣਗੀਆਂ ਕਿ ਸਤਿਗੁਰਾਂ ਦੇ ਕਿਹੋ ਜਿਹੇ ਦਰਸ਼ਨ ਕਰਕੇ ਆਏ ਹੋ ? ਲੋਕ ਲਾਹਨਤਾਂ ਪਉਣਗੇ। ਕਿਹੜੇ ਮੂੰਹ ਲੈ ਕੇ ਬਾਹਰ ਫਿਰੋਗੇ ? ਮਾਝੇ ਦੇ ਲੋਕਾਂ ਨੇ ਤੁਹਾਨੂੰ ਚੂੜੀਆਂ (ਵੰਗਾਂ) ਪਵਾ ਦੇਣੀਆਂ ਹਨ। ਅਣਖ ਤੇ ਗੈਰਤ ਤੋਂ ਬਿਨਾਂ ਬੰਦਾ ਮੁਰਦੇ ਸਮਾਨ ਹੁੰਦਾ ਹੈ।

"ਅਣਖ ਤੇ ਗੈਰਤ ਜਾਗੀ"

ਮਾਈ ਭਾਗ ਕੌਰ ਦੇ ਇਹ ਬੋਲ ਸਭ ਦੇ ਸੀਨੇ ਲੱਗੇ ਪਰ ਆਖਣ ਲੱਗੇ ਹੁਣ ਅਸੀਂ ਕਿਹੜਾ ਮੂੰਹ ਲੈ ਕੇ ਗੁਰੂ ਜੀ ਪਾਸ ਜਾਵਾਂਗੇ। ਤਾਂ ਮਾਈ ਭਾਗ ਕੌਰ

ਨੇ ਆਖਿਆ ਉਠੋ ਸ਼ੇਰੋ। ਹੰਭਲਾ ਮਾਰੋ ਗੁਰੂ ਜੀ ਬਖਸ਼ਣਹਾਰ ਹਨ। ਉਹ ਸਾਨੂੰ ਜ਼ਰੂਰ ਮੁਆਫ ਕਰ ਦੇਣਗੇ। ਚਲੋ ਚਲੀਏ! ਇਹ ਆਖ ਕੇ ਮਾਈ ਭਾਗੋ ਕੌਰ ਜੀ ਨੇ ਪੱਲੂ ਫੇਰਿਆ ਤੇ ਇਕ ਲਕੀਰ ਕਢਾ ਦਿੱਤੀ ਕਿ ਜਿਨ੍ਹਾਂ ਨੇ ਗੁਰੂ ਜੀ ਪਿਛੇ ਜਾਣਾ ਹੈ ਉਹ ਲਕੀਰ ਪਾਰ ਕਰਕੇ ਜਿਧਰ ਗੁਰੂ ਜੀ ਗਏ ਹਨ ਉਧਰ ਚੱਲੋ ਬਾਕੀ ਇੱਥੇ ਹੀ ਖੜੇ ਰਹੋ ਸਾਰੇ ਸਿੰਘਾਂ ਨੇ ਜੈਕਾਰੇ ਛੱਡ ਕੇ ਉਸੇ ਪਾਸੇ ਵੱਲ ਚਲ ਪਏ ਜਿਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗਏ ਸਨ।

ਉਧਰ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਤੇ ਪੂਰਾ ਕਬਜ਼ਾ ਕਰ ਲਿਆ ਤੇ ਆਖਿਆ ਸਿੰਘੋ। ਦੁਸ਼ਮਣ ਨੂੰ ਪਾਣੀ ਕੋਲ ਨਹੀਂ ਆਉਣ ਦੇਣਾ, ਇਸ ਵਿੱਚ ਸਾਡੀ ਜਿੱਤ ਹੈ। ਸਿੰਘਾਂ ਨੇ ਉਚੀ ਥਾਂ ਤੇ ਝਾੜੀਆਂ ਉਤੇ ਭੂਰੇ ਤੇ ਚਾਦਰਾਂ ਪਾ ਦਿੱਤੇ ਇਂਝ ਲਗਦਾ ਸੀ ਜਿਵੇਂ ਸਿੰਘਾਂ ਦੀ ਛਾਉਣੀਆਂ ਬੈਠੀਆਂ ਹੋਣ ਨਾਲ ਹੀ ਭਾਈ ਮਹਾਂ ਸਿੰਘ ਦਾ ਜੱਥਾ ਪਾਣੀ ਦੇ ਇੱਕ ਪਾਸੇ ਮੋਰਚਾ ਬੰਦ ਹੋ ਕੇ ਬੈਠ ਗਿਆ।

"ਘਮਸਾਣ ਦਾ ਯੁੱਧ"

ਇੱਥੇ ਸੂਬੇ ਨਾਲ ਘਮਸਾਣ ਦਾ ਯੁੱਧ ਹੋਇਆ ਜਿੱਥੇ ਭਾਈ ਮਹਾਂ ਸਿੰਘ ਦਾ ਜੱਥਾ ਸੀ। ਪਹਿਲਾ ਟਾਕਰਾ ਇਹਨਾਂ ਨਾਲ ਹੋਇਆ। ਉਨ੍ਹਾਂ ਚਾਲੀਆਂ ਸਿੰਘਾਂ ਨੇ ਐਸੀ ਵਿਉਂਤ ਬਣਾਈ ਕਿ ਇੱਕ ਇੱਕ ਅਗਾਂਹ ਟਾਕਰੇ ਲਈ ਨਿਕਲੇ। ਉਸ ਪਿਛੋਂ ਪੰਜ ਹੋਰ ਉਸਦੀ ਸਹਾਇਤਾ ਲਈ ਨਿਕਲਣ। ਉਧਰ ਕਲਗੀਧਰ ਪਾਤਸ਼ਾਹ ਉਚੇ ਟਿੱਬੇ ਉਤੇ ਇਹ ਸਾਰਾ ਯੁੱਧ ਦੇਖ ਰਹੇ ਸਨ ਕਿ ਸਿੰਘ ਕਿਵੇਂ ਜਾਨਾਂ ਹੂਲ ਰਹੇ ਹਨ। ਜੰਗ ਲੜ੍ਹਦਿਆਂ ਜਦੋਂ ਮੁਗਲ ਫੌਜੀ ਕੋਈ ਸਿੰਘਾਂ ਦੇ ਪਿਛੇ ਦੀ ਵਾਰ ਕਰਨ ਦਾ ਜਤਨ ਕਰਦੇ ਤਾਂ ਗੁਰੂ ਜੀ ਉਸਨੂੰ ਆਪਣੇ ਤੀਰਾਂ ਦੀ ਵਰਖਾ ਨਾਲ ਸਿੰਘਾਂ ਦੇ ਘੇਰੇ ਤੋੜ ਦਿੰਦੇ ਤੇ ਸਿੰਘ ਦੇ ਹੌਂਸਲੇ

ਬੁਲੰਦ ਹੋ ਜਾਂਦੇ। ਸਿੰਘਾਂ ਦਾ ਪਾਣੀ ਤੇ ਕਬਜ਼ਾ ਹੋਣ ਕਾਰਨ ਦੁਸ਼ਮਣਾਂ ਨੂੰ ਬਹੁਤ ਦੇਰ ਤੱਕ ਟਾਕਰਾ ਕਰਨਾ ਔਖਾ ਹੋ ਗਿਆ। ਇਹ ਜੰਗ ਦਿਨ ਦੇ ਚੌਥੇ ਪਹਿਰ ਵਿੱਚ ਸ਼ਾਮਿਲ ਹੋ ਗਿਆ। ਸੂਬੇ ਨੂੰ ਇੰਝ ਲੱਗਾ ਕੇ ਸਿੰਘ ਬਹੁਤ ਵੱਡੀ ਗਿਣਤੀ ਵਿਚ ਹਨ ਤਾਂ ਆਖਿਆ ਕਿ ਇੱਕਦਮ ਇਕੱਠਾ ਹੱਲਾ ਬੋਲੋ ਤੇ ਸਿੰਘਾਂ ਦਾ ਖਾਤਮਾ ਕਰੋ ਤੇ ਵਾਪਿਸ ਵੀ ਜਾਣਾ ਹੈ। ਫਿਰ ਇੱਕ ਤਕੜਾ ਹੱਲਾ ਬੋਲਿਆ ਇਸ ਵਿੱਚ ਫੌਜ ਵੀ ਬਹੁਤ ਸਾਰੀ ਮਰ ਗਈ ਤੇ ਸਿੰਘ ਵੀ ਬਹੁਤ ਸ਼ਹੀਦੀਆਂ ਪਾ ਗਏ। ਤਾਂ ਗੁਰੂ ਜੀ ਨੇ ਆਪਣੀ ਖਾਲਸਾ ਫੌਜ ਨੂੰ ਅੱਗੇ ਭੇਜਿਆ ਤੇ ਮੋਰਚੇ ਫਿਰ ਸੰਭਾਲ ਲਏ। ਉਧਰ ਤੁਰਕੀ ਫੌਜ ਤ੍ਰੇਹ' ਨਾਲ ਹੌਕਣ ਲੱਗੀ ਤਾਂ ਸੂਬੇ ਨੇ ਕਪੂਰੇ ਕੋਲੋਂ ਪਾਣੀ ਪੁੱਛਿਆ ਤਾਂ ਉਸ ਕਿਹਾ ਕਿ ਘੱਟ ਤੋਂ ਘੱਟ ਤੀਹ ਕੋਹਾਂ ਤੇ ਪਿੱਛੇ ਪਾਣੀ ਮਿਲੇਗਾ ਤਾਂ ਫੌਜ ਘਬਰਾ ਕੇ ਭੱਜ ਕੇ ਕੋਟਕਪੂਰੇ ਆ ਸਾਹ ਲਿਆ। ਵਜ਼ੀਰ ਖਾਂ ਨਿਰਾਸ਼ ਹੋ ਕੇ ਮੁੜਿਆ ਤੇ ਇਹ ਜਿੱਤ ਦਾ ਸਿਹਰਾ ਮਾਝੇ ਦੇ ਸਿੰਘਾਂ ਅਤੇ ਭਾਈ ਮਹਾਂ ਸਿੰਘ ਸਿਰ ਬੱਝਿਆ।

"ਸਿੰਘਾਂ ਨੂੰ ਵਰਦਾਨ"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਿਕਟ ਵਰਤੀ ਸਿੰਘਾਂ ਸਮੇਂ ਸਮੇਤ ਯੁੱਧ ਵਾਲੀ ਥਾਂ ਉਤੇ ਪੁੱਜੇ। ਪਵਿੱਤਰ ਹੱਥਾਂ ਨਾਲ ਸਿੰਘਾਂ ਦੇ ਸਿਰ ਚੁੱਕਦੇ, ਰੁਮਾਲ ਨਾਲ ਮੁੱਖੜੇ ਸਾਫ ਕਰਦੇ, ਗੋਦ ਵਿੱਚ ਰੱਖ ਹਰ ਇੱਕ ਦੇ ਕਾਰਨਾਮੇ ਵਿਚਾਰ ਕੇ ਬਖਸ਼ਿਸ਼ਾਂ ਕਰਦੇ। ਇੱਥੇ ਵਿਚਾਰਨ ਯੋਗ ਬਚਨ ਕੁੱਝ ਵੀਰ ਲਿਖਦੇ ਹਨ। ਜੋ ਆਪਣੇ ਮੋਰਚੇ ਤੋਂ ਪੰਜ ਕਦਮ ਅੱਗੇ ਵੱਧ ਕੇ ਸ਼ਹੀਦ ਹੋਇਆ। ਉਹਨਾਂ ਨੂੰ ਪੰਜ ਹਜ਼ਾਰੀ ਆਖਿਆ ਜੋ ਦੱਸ ਕਦਮ ਅੱਗੇ ਗਿਆ। ਉਹਨਾਂ ਨੂੰ ਦਸ ਹਜ਼ਾਰੀ

1. ਇਹ ਸ਼ਹੀਦੀਆਂ 28 ਦਸੰਬਰ 1705 ਦੀਆਂ ਹਨ, ਪਰ ਗਿਆਨੀ ਗਿਆਨ ਸਿੰਘ ਨੇ 'ਪਾਣੀ ਦੀ ਤੋਟ' ਦਾ ਭੁਲੇਖਾ ਖਾ ਕੇ ਇਸ ਘਟਨਾ ਨੂੰ ਗਰਮੀਆਂ ਵਿਚ ਲਿਆਂਦਾ ਤੇ ਇਕ ਗਲਤ ਤਾਰੀਖ ਲਿਖ ਦਿੱਤੀ, ਜਿਸ ਨਾਲ ਕੁਝ ਭੋਲੇ ਭਾਲੇ ਸਿੱਖਾਂ ਨੇ ਦੂਜਾ ਸ਼ਹੀਦੀ ਜੋੜ ਮੇਲਾ ਲਗਾਉਣਾ ਸ਼ੁਰੂ ਕਰ ਦਿੱਤਾ। ਪੁਰਾਤਨ ਖੋਜ ਪਹਿਲੀ ਮਾਘ ਹੀ ਹੈ।

ਆਖਿਆ। ਫਿਰ ਕੁਝ ਲਿਖਦੇ ਹਨ ਕਿ ਸਰੀਰ ਉਤੇ ਜ਼ਖਮ ਗਿਣਤੇ ਉਹਨਾਂ ਦੇ ਹਿਸਾਬ ਨਾਲ ਇਹ ਬਖਸ਼ਿਸ਼ਾਂ ਕੀਤੀਆਂ। ਸੱਚ ਇਹ ਹੈ ਕਿ ਗੁਰੂ ਜਾਣੇ ਜਾ ਉਹ ਸਿੱਖ ਜਿਨ੍ਹਾਂ ਨੂੰ ਇੱਕ ਕਿਰਪਾ ਦੀ ਦਾਤ ਮਿਲੀ ਹੈ।

ਇਸ ਤਰ੍ਹਾਂ ਸਭ ਨੂੰ ਬਖਸ਼ਿਸ਼ਾਂ ਵੰਡਦੇ ਹੋਏ ਆਖਰੀ ਭਾਈ ਰਾਇ ਸਿੰਘ ਦੇ ਸਪੁੱਤਰ ਭਾਈ ਮਹਾਂ ਸਿੰਘ ਪਾਸ ਪੁੱਜੇ ਵੇਖਿਆ ਇਸਦੀ ਨਬਜ਼ ਚੱਲ ਰਹੀ ਹੈ। ਸਾਹ ਵੀ ਚੱਲ ਰਹੇ ਹਨ। ਤਾਂ ਗੁਰੂ ਜੀ ਬੀਰ ਆਸਣ ਲਗਾ ਕੇ ਸਿੰਘ ਦਾ ਸੀਸ ਆਪਣੇ ਪੱਟ ਉਤੇ ਰੱਖਿਆ ਤੇ ਮੂੰਹ ਜੋ ਲਹੂ-ਲੁਹਾਨ ਸੀ ਪੂੰਝਿਆ, ਉਸਦੇ ਮੁੱਖ ਵਿੱਚ ਪਾਣੀ ਪਾਇਆ। ਨੈਣ ਉਘੇੜੇ ਤੇ ਹੋਸ਼ ਵਿੱਚ ਆਇਆ।

ਗੁਰੂ ਜੀ ਨੇ ਬਚਨ ਕੀਤਾ ਭਾਈ ਮਹਾਂ ਸਿੰਘ ਮੁਕਤਿ ਭੁਗਤਿ ਜੁਗਤਿ ਸਭ ਕੁੱਝ ਤੇਰੇ ਲਈ ਹਾਜ਼ਰ ਹੈ ਮੰਗ ਲੈ। ਕਿਹਾ: ਤੁਹਾਡੇ ਦੀਦਾਰਾਂ ਵਿੱਚੋਂ ਸਭ ਕੁੱਝ ਪ੍ਰਾਪਤ ਹੋ ਗਿਆ ਹੈ। ਜੇ ਤੁਠੇ ਹੋ ਤਾਂ ਟੁੱਟੀ ਗੰਡ ਲਵੋ ਤੇ ਸਾਡਾ ਲਿਖਿਆ ਬੇਦਾਵਾ ਪਾੜ ਦੇਵੋ, ਸਾਡੇ ਮੱਥੇ ਦਾ ਦਾਗ, ਦੋਸ਼ ਧੋਹ ਦੇਵੋ, ਤੇ ਆਪਣੇ ਦਰਗਾਹ (ਸੱਚ ਖੰਡ) ਵਿੱਚ ਥਾਂ ਦੇਵੋ ਜੀ। ਵੱਡੇ ਦਿਲ ਵਾਲੇ ਗੁਰੂ ਕਲਗੀਧਰ ਪਿਤਾ ਨੇ ਬੇਦਾਵਾ ਅੱਖਾਂ ਅੱਗੇ ਪਾੜ ਦਿੱਤਾ ਤੇ ਆਖਿਆ ਭਾਈ ਮਹਾਂ ਸਿੰਘ ਤੈਨੂੰ ਵੀ ਬਖਸ਼ਿਆ ਤੇ ਪੂਰੇ ਮਾਝੇ ਦੇ ਵੀ ਗੁਨਾਹ ਬਖਸ਼ੇ। ਭਾਈ ਮਹਾਂ ਸਿੰਘ ਜੀ ਨੇ ਅਖੀਰਲਾ ਸਵਾਸ ਲਿਆ। ਇਹ ਸਾਰੇ ਸਿੰਘ ਸੱਚ ਖੰਡ ਪਿਆਨਾ ਕਰ ਗਏ।

ਫਿਰ ਪਾਤਸ਼ਾਹ ਦੀ ਨਜ਼ਰ ਥੋੜ੍ਹੀ ਦੂਰੀ ਤੇ ਮਾਈ ਭਾਗੋ ਕੌਰ ਜੀ ਵੱਲ ਪਾਈ ਤਾਂ ਉਸਨੇ ਵੀ ਹੱਥ ਜੋੜੇ ਤੇ ਗੁਰੂ ਜੀ ਦਾ ਸ਼ੁਕਰਾਨਾ ਕਰ ਰਹੀ ਸੀ। ਉਸਨੇ ਘਾਇਲ ਅਵਸਥਾ ਵਿੱਚ ਸਾਰੇ ਬਚਨ ਗੁਰੂ ਜੀ ਦੇ ਸਰਵਣ ਕੀਤੇ ਸਨ। ਗੁਰੂ ਜੀ ਨੇ ਉਸਨੂੰ ਦੇਹ ਅਰੋਗਤਾ ਦਿੱਤੀ ਉਸਦੇ ਸਰੀਰ ਉਤੇ ਜ਼ਖਮ ਘੱਟ ਸਨ, ਉਹ ਠੀਕ ਹੋ ਕੇ ਵਾਪਿਸ ਆਪਣੇ ਘਰ ਨਹੀਂ ਗਏ ਕਿਉਂਕਿ ਇਹਨਾਂ ਦੇ

ਪਤੀ ਭਾਈ ਨਿਧਾਨ ਸਿੰਘ ਵੜੈਚ ਸ੍ਰੀ ਮੁਕਤਸਰ ਵਾਲੇ ਜੰਗ ਵਿਚ ਹੀ ਸ਼ਹੀਦ ਹੋ ਗਏ ਸਨ । ਮਾਈ ਭਾਗੋ ਕੌਰ ਜੀ ਨੇ ਫਿਰ ਪਾਤਸ਼ਾਹ ਦੇ ਜੱਥੇ ਵਿੱਚ ਲੰਬਾ ਸਮਾਂ ਸੇਵਾ ਨਿਭਾਈ ਆਖੀਰ ਸ੍ਰੀ ਹਜ਼ੂਰ ਸਾਹਿਬ ਚੋਲਾ ਛੱਡਿਆ ਜਿਥੇ ਹੁਣ ਤਖਤ ਸੱਚਖੰਡ ਪਾਸ ਅੰਗੀਠਾ ਸਾਹਿਬ ਹੈ । ਭਾਈ ਲੰਘਾ (ਲੰਗਾਹਾ) ਜੀ ਦੇ ਭਰਾ ਪੈਰੋ ਸ਼ਾਹ ਦੀ ਸੁਪੱਤਰੀ ਸੀ।

ਇਹਨਾਂ ਤੋਂ ਇਲਾਵਾ ਹੋਰ ਵੀ ਸਿੰਘ ਜ਼ਖਮੀ ਸਨ, ਉਹਨਾਂ ਨੂੰ ਸੰਭਾਲਿਆ ਤੇ ਇਲਾਜ ਵਾਸਤੇ ਭੇਜ ਦਿੱਤੇ। ਕੁੱਝ ਮੁਸਲਮਾਨ ਫੌਜੀ ਜ਼ਖਮੀ ਮਿਲੇ ਗੁਰੂ ਜੀ ਨੇ ਫੱਟੜਾਂ ਦੇ ਫੱਟ ਬੰਨਣ ਦਾ ਹੁਕਮ ਦਿੱਤਾ । ਹੁਕਮ ਮੰਨ ਕੇ ਸਿੱਖਾਂ ਨੇ ਜ਼ਖਮੀ ਪਏ ਦੁਸ਼ਮਣ ਸਿਪਾਹੀਆਂ ਦੀ ਮਿੱਤਰਾਂ ਵਾਂਗ ਦੇਖਭਾਲ ਕੀਤੀ ।

"ਸ਼ਹੀਦ ਸਿੰਘਾਂ ਦੇ ਅੰਗੀਠੇ ਸੋਧੇ"

ਸ਼ਹੀਦ ਸਿੰਘਾਂ ਦੇ ਸਰੀਰ ਇੱਕ ਵੱਡੇ ਅੰਗੀਠੇ ਉਤੇ ਚਿਣਵਾ ਦਿੱਤੇ ਤੇ ਆਪਣੇ ਹੱਥੀਂ ਅੰਗੀਠਾ ਅਗਨ ਭੇਂਟ ਕੀਤਾ ਨਾਲ ਹੀ ਮੁਸਲਮਾਨ ਸਿਪਾਹੀਆਂ ਦੀਆਂ ਲੋਥਾਂ ਕਬਰਾਂ ਦੇ ਸੁਪਰਦ ਕੀਤੀਆਂ। ਵੱਡੇ ਦਿਲ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਗੁਰਸਿੱਖਾਂ ਵਾਸਤੇ ਸੋਹਿਲਾ ਦੇ ਪਾਠ ਕੀਤੇ, ਉਪਰੰਤ ਅਰਦਾਸ ਕੀਤੀ ਉਥੇ ਮੁਸਲਮਾਨਾ ਵਾਸਤੇ ਵੀ ਬੇਨਤੀ ਕੀਤੀ ਵਾਹਿਗੁਰੂ ਜੀਓ! ਇਹ ਅਗਿਆਨੀ ਹਨ, ਤੁਅਸ਼ਵ ਵਿੱਚ ਆ ਕੇ ਮਾਰਨ ਆਏ, ਮਰੇ ਨੇ ਇਹਨਾਂ ਨੂੰ ਦੋਜ਼ਖ ਦੀ ਬਜਾਏ ਜੰਨਤ ਵਿਚ ਭੇਜਣਾ ਜੀ ।

ਅਗਲੇ ਦਿਨ ਪਹਿਲੀ ਮਾਘ ਸੰਮਤ 1762, 30 ਦਸੰਬਰ 1705 ਸੰਨ ਵਿੱਚ ਇਹਨਾਂ ਚਾਲੀ ਸਿੰਘਾਂ ਵਾਸਤੇ ਆਸਾ ਦੀ ਵਾਰ ਦੇ ਕੀਰਤਨ ਕਰਕੇ ਭੋਗ ਪਾਇਆ । ਉਸ ਸਮੇਂ ਭਾਈ ਦਾਨ ਸਿੰਘ ਖਿਦਰਾਣਾ ਪਿੰਡ ਵਿੱਚੋਂ

ਤ੍ਰਿਹਾਵਲ (ਘਿਓ, ਆਟਾ, ਖੰਡ) ਦਾ ਪ੍ਰਸਾਦਿ ਲੈ ਕੇ ਹਾਜ਼ਰ ਹੋਏ। ਸਮਾਪਤੀ ਤੋਂ ਬਾਅਦ ਬਾਜਾਂ ਵਾਲੇ ਪਿਤਾ ਨੇ ਹਾਜ਼ਿਰ ਬੈਠੇ ਸਿੰਘਾਂ ਨੂੰ ਮੁਖਾਤਿਬ ਹੁੰਦਿਆਂ ਆਖਿਆ ਕਿ ਇਨ੍ਹਾਂ ਚਾਲੀ ਸਿੰਘ ਨੇ ਧਰਮ ਹੇਤ ਸੀਸ ਦਿੱਤੇ ਹਨ। ਇਹਨਾਂ ਨੂੰ ਚਾਲ੍ਹੀ ਮੁਕਤੇ ਆਖ ਕੇ ਚੇਤੇ ਕੀਤਾ ਜਾਇਆ ਕਰੇਗਾ। ਇਹ ਪਾਵਨ ਧਰਤੀ ਸ੍ਰੀ ਮੁਕਤਸਰ ਸਾਹਿਬ ਹੈ ਉਸ ਅਸਥਾਨ ਤੇ ਅਲੱਗ-ਅਲੱਗ ਗੁਰਦੁਆਰੇ ਟਿੱਬਾ ਸਾਹਿਬ ਇਤ ਆਦਿਕ ਬਣੇ ਹਨ। ਬੇਨਤੀ ਹੈ ਕਿ ਜਿੰਦਗੀ ਵਿੱਚ ਇੱਕ ਵਾਰੀ ਇਹਨਾਂ ਗੁਰੂ ਅਸਥਾਨਾਂ ਦੇ ਦਰਸ਼ਨ ਜਰੂਰ ਕਰੋ ਜੀ।

"ਕੁੱਝ ਭੁਲੇਖੇ ਦੂਰ ਕਰੋ"

ਕੁੱਝ ਭੁਲੇਖੇ : ਇਨ੍ਹਾਂ ਸਿੰਘਾਂ ਦੇ ਨਾਮ ਵਿੱਚ ਅਲੱਗ-ਅਲੱਗ ਮੱਤਭੇਦ ਹਨ, ਲੇਖਕ ਕਈ ਵਾਰ ਇਲਾਕਾ, ਜਾਤ ਦੇ ਕਾਰਨ ਆਪੋ ਆਪਣੀ ਪੁਸਤਕਾਂ ਵਿੱਚ ਨਾਮ ਬਦਲਦੇ ਹਨ। ਇਸ ਵਾਸਤੇ ਜੋ ਨਾਮ ਪੰਥ ਪ੍ਰਵਾਨ ਹਨ ਉਹ ਠੀਕ ਹਨ।

ਦੂਸਰਾ ਇਹ ਤਰੀਕਾ ਸੰਮਤ ਦੇ ਭੁਲੇਖੇ ਵੀ ਸਾਨੂੰ ਗੁੰਮਰਾਹ ਕਰਦੇ ਹਨ। ਇਸ ਵਾਸਤੇ ਅੱਜ ਖਾਲਸਾ ਕੌਮ ਨੇ ਮਾਘ ਮਹੀਨੇ ਦੀ ਪਹਿਲੀ ਤਾਰੀਖ ਚੁਣੀ ਹੈ ਉਹ ਠੀਕ ਹੈ, ਜੋ ਪੰਥ ਨੂੰ ਠੀਕ ਲੱਗਿਆ ਉਹ ਪ੍ਰਵਾਨ ਹੈ। ਅਸੀਂ ਅਕਾਲ ਤਖਤ ਦੇ ਹੁਕਮ ਨਾਲ ਚਲਣਾ ਹੈ।

ਤੀਸਰਾ, ਇਹ ਖੋਜ ਪੰਥ ਪ੍ਰਸਿੱਧ ਵਿਦਵਾਨਾਂ ਨਾਲ ਵਿਚਾਰ ਕੇ ਤੇ ਪੁਰਾਤਨ ਲਿਖਤਾਂ ਭੱਟ ਵਹੀ ਮੁਲਤਾਨੀ ਸਿੰਧੀ ਅਤੇ ਗੁਰੂ ਦੀਆਂ ਸਾਖੀਆਂ ਆਦਿ ਗ੍ਰੰਥਾਂ ਵਿੱਚੋਂ ਲਈ ਹੈ।

ਚੌਥਾ ਬਚਨ, ਬੇਦਾਵਾ ਵਾਰੇ ਉਹ ਗੁਰੂ ਕੇ ਸਿੰਘ ਮਹਾਨ ਸਨ ਜਿਨ੍ਹਾਂ ਨੇ ਬੇਦਾਵਾ ਲਿਖਿਆ ਤੇ ਜੀਵਨ ਵਾਰ ਕੇ ਬੇਦਾਵਾ ਪੜਵਾ ਲਿਆ। ਚਾਹੇ ਆਨੰਦਪੁਰ ਲਿਖਿਆ, ਚਾਹੇ ਰੂਪੋਆਣਾ (ਰੁਪਾਣਾ) ਲਿਖਿਆ। ਆਵੋ ਆਪੇ

ਆਪਣੇ ਹਿਰਦੇ ਅੰਦਰ ਨਜ਼ਰ ਪਾ ਕੇ ਵੇਖੀਏ ਕਿਤੇ ਅਸੀਂ ਵੀ ਬੇਦਾਵਾ ਲਿਖੀ ਤਾਂ ਨਹੀਂ ਫਿਰਦੇ ਉਹਨਾਂ ਸਿੱਖਾਂ ਨੇ ਇੱਕ ਬੇਦਾਵਾ ਲਿਖਿਆ ਸੀ। ਅਸੀਂ ਵੇਖਣਾ ਹੈ ਸਾਡੇ ਬੇਦਾਵੇ ਕਿੰਨੇ ਹਨ।

"ਬੇਦਾਵੇ ਫੜ੍ਹਵਾ ਆਈਏ"

ਮੈਂ ਅੰਮ੍ਰਿਤ ਨਹੀਂ ਛੱਕ ਸਕਦਾ, ਇਹ ਵੀ ਬੇਦਾਵਾ ਹੈ। ਮੈਂ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਨਿਤਨੇਮ ਨਹੀਂ ਕਰ ਸਕਦਾ। ਬੇਦਾਵਾ ਹੈ। ਮੈਂ ਹਰ ਰੋਜ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਦਰਸ਼ਨ ਨਹੀਂ ਕਰ ਸਕਦਾ ਬੇਦਾਵਾ ਹੈ। ਮੈਂ ਮਾੜਿਆਂ ਨਸ਼ਿਆਂ ਦਾ ਤਿਆਗ ਨਹੀਂ ਕਰ ਸਕਦਾ ਇਹ ਵੀ ਇੱਕ ਬੇਦਾਵਾ ਹੈ। ਮੈਂ ਗੁਰੂ ਘਰ ਜਾ ਕੇ ਉਪਦੇਸ਼ ਸੁਣਾ ਸਕਦਾ ਹਾਂ ਪਰ ਉਸ ਉਪਦੇਸ਼ ਨੂੰ ਕਮਾ ਨਹੀਂ ਸਕਦਾ ਬੇਦਾਵਾ ਹੈ। ਮੈਂ ਗੁਰੂ ਘਰ ਵਿੱਚ ਢਾਈ ਘੰਟੇ ਸਵਾਸਾਂ ਦਾ ਤੇ ਮਾਇਆ ਦਾ ਦਸਵੰਧ ਨਹੀਂ ਦੇ ਸਕਦਾ, ਬੇਦਾਵਾ ਹੈ। ਮੈਂ ਸੰਗਤ ਵਿੱਚ ਜਾ ਕੇ ਨਿੰਦਾ, ਚੁਗਲੀ, ਹੰਕਾਰ ਮਾੜੀਆਂ ਆਦਤਾਂ ਨਹੀਂ ਛੱਡ ਸਕਦਾ, ਬੇਦਾਵਾ ਹੈ।

ਆਵੋ ਮਿਲ ਕੇ ਅਸੀਂ ਵੀ ਮੁਕਤਸਰ ਸਾਹਿਬ ਜਾ ਕੇ ਆਪੋ ਆਪਣੇ ਬੇਦਾਵੇ ਫੜ੍ਹਵਾ ਆਈਏ। ਅੱਜ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਬੇਮੁੱਖ ਸਿੰਘਾਂ ਦੇ ਇੰਤਜ਼ਾਰ ਵਿੱਚ ਬੈਠੇ ਹਨ। ਸਵਾਸਾਂ ਦੀ ਡੋਰੀ ਪੂਰੀ ਹੋਣ ਤੋਂ ਪਹਿਲਾਂ-ਪਹਿਲੇ ਆਪਣੇ ਜੀਵਨ ਦਾਤੇ ਨੂੰ ਜੀਵਨ ਦੀ ਡੋਰੀ ਫੜ੍ਹਾ ਆਈਏ। ਸਾਡੇ ਗੁਰੂ ਬਖਸ਼ਿੰਦ ਹਨ ਸ੍ਰੀ ਮੁਕਤਸਰ ਸਾਹਿਬ ਜਾ ਕੇ ਨਰਕਾਂ ਦੇ ਬੂਹੇ ਬੰਦ ਕਰਕੇ ਸੱਚਖੰਡ ਦਾ ਬੂਹਾ ਖੁੱਲ੍ਹਾ ਆਈਏ।

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਜੀ ਕੀ ਫਤਹਿ॥

ਨਿਆਰੇ ਪੰਜ ਪਿਆਰੇ

ਪਿਆਰਿਆਂ ਦੇ ਨਾਮ	ਪਿਤਾ ਜੀ ਮਾਤਾ ਜੀ ਦਾਦੇ ਪੜਦਾਦੇ	ਜਨਮ ਅਸਥਾਨ ਸੰਮਤ ਨਾਨਕਸ਼ਾਹੀ	ਕਿਸ ਉਮਰ ਵਿੱਚ ਗੁਰੂ ਘਰ ਆਏ, ਕਿੰਨੇ ਸਾਲ ਗੁਰਮੱਤ ਪੜ੍ਹਾਈ ਕੀਤੀ	ਸੁਪਤਨੀ ਅਤੇ ਵਿਆਹ ਤਰੀਕ
ਪਿਆਰੇ ਭਾਈ ਦਇਆ ਸਿੰਘ ਜੀ	ਪਿਤਾ ਮਈਆ ਸਿੰਘ ਜਨਮ 1-5-1640, ਅੰਮ੍ਰਿਤਪਾਨ 1699, ਸ਼ਹੀਦੀ 9-6-1723, ਕੁੱਲ ਉਮਰ 83 ਸਾਲ 1 ਮਹੀਨਾ 9 ਦਿਨ ਮਾਤਾ ਸੋਭਾ ਕੌਰ ਜਨਮ 4-4-1643, ਅੰਮ੍ਰਿਤਪਾਨ- 1699, ਸ਼ਹੀਦੀ 11-8-1719, ਕੁਲ ਉਮਰ 76 ਸਾਲ 4 ਮਹੀਨੇ 8 ਦਿਨ ਦਾਦਾ ਭਾਈ ਕਮਾਲਾ ਜੀ, ਪੜਦਾਦਾ ਭਾਈ ਫ਼ਰੀਆ ਜੀ, ਭਾਈ ਪਾਰੋ ਜੀ ਜੁਲਕਾ ਪੜਦੀ	ਲਾਹੌਰ, ਪੰਜਾਬ "ਪਾਕਿਸਤਾਨ" 1 ਫਗਣ 199 ਨਾਨਕਸ਼ਾਹੀ 1-2-1668 1 ਫਗਣ 1725 ਸੰਮਤ	13 ਸਾਲ ਦੀ ਉਮਰ 1681 ਤੋਂ 1699 ਤੱਕ 18 ਸਾਲ ਗੁਰਮਤਿ ਪੜ੍ਹਾਈ ਕੀਤੀ	ਬੀਬੀ ਦਿਆਲੀ ਕੌਰ ਜੀ ਜਨਮ 12-4-1670 , ਵਿਆਹ 25-5-1684 ਅੰਮ੍ਰਿਤਪਾਨ 1699 ਦੇਹਾਂਤ 19-11-1740 ਕੁੱਲ ਉਮਰ 70 ਸਾਲ 7 ਮਹੀਨੇ 7 ਦਿਨ
ਪਿਆਰੇ ਭਾਈ ਧਰਮ ਸਿੰਘ ਜੀ	ਪਿਤਾ ਭਾਈ ਪਰਮਸੁੱਖ ਸਿੰਘ ਜਨਮ 16-9-1648, ਅੰਮ੍ਰਿਤਪਾਨ 1699, ਮਾਤਾ ਅਨੰਤ ਕੌਰ ਜੀ ਜਨਮ 17-2-1650, ਅੰਮ੍ਰਿਤਪਾਨ 1699 ਦਾਦਾ ਭਾਈ ਸੰਤ ਰਾਮ ਜੀ, ਜਨਮ 1628 ਦਾਦੀ ਹਰਿਕਮਲ ਜੀ, ਜਨਮ 1631	ਹਸਤਨਾਪੁਰ ਮੇਰਠ(ਦਿੱਲੀ) ਨਾ: 13 ਵੈਸਾਖ 201 12-4-1670 13 ਵੈਸਾਖ ਸੰਮਤ 1727	25 ਸਾਲ ਦੀ ਉਮਰ 1695 ਤੋਂ 1699 ਤੱਕ 4 ਸਾਲ ਗੁਰਮਤਿ ਪੜ੍ਹਾਈ ਕੀਤੀ	ਬੀਬੀ ਸੁਖਵੰਤ ਕੌਰ ਜੀ ਜਨਮ 22-11-1672 ਵਿਆਹ 9-3-1687 ਅੰਮ੍ਰਿਤਪਾਨ 1699 ਦੇਹਾਂਤ 24-12-1754 ਕੁੱਲ ਉਮਰ 82 ਸਾਲ 1 ਮਹੀਨਾ 3 ਦਿਨ
ਪਿਆਰੇ ਭਾਈ ਹਿੰਮਤ ਸਿੰਘ ਜੀ	ਪਿਤਾ ਭਾਈ ਗੁਲਜ਼ਾਰ ਸਿੰਘ ਜੀ ਜਨਮ 17-3-1640 , ਅੰਮ੍ਰਿਤਪਾਨ 1699, ਸ਼ਹੀਦੀ 6-12-1704, ਕੁੱਲ ਉਮਰ 64 ਸਾਲ 8 ਮਹੀਨੇ 20 ਦਿਨ ਮਾਤਾ ਬੀਬੀ ਲਾਲ ਕੌਰ ਜੀ ਜਨਮ 1642, ਸ਼ਹੀਦੀ 4-12-1704, ਕੁੱਲ ਉਮਰ 63 ਸਾਲ ਦਾਦਾ ਭਾਈ ਫੇਰੂ ਰਾਮ ਝੀਵਰ, ਦਾਦੀ ਮਾਣਕੀ ਬਾਈ ਜੀ	ਜਗਨਨਾਥਪੁਰੀ ਉੜੀਸਾ ਨਾ: 15 ਜੇਠ 196 17-5-1664 15 ਜੇਠ 1721 ਸੰਮਤ	14 ਸਾਲ ਦੀ ਉਮਰ 1678 ਤੋਂ 1699 ਤੱਕ 21 ਸਾਲ ਗੁਰਮਤਿ ਪੜ੍ਹਾਈ ਕੀਤੀ	ਬੀਬੀ ਰਾਮ ਕੌਰ ਜੀ ਜਨਮ 24-5-1667 ਵਿਆਹ 11-11-1684 ਅੰਮ੍ਰਿਤਪਾਨ 1699 ਦੇਹਾਂਤ 30-10-1732 ਕੁੱਲ ਉਮਰ 65 ਸਾਲ 5 ਮਹੀਨੇ 6 ਦਿਨ
ਪਿਆਰੇ ਭਾਈ ਮੋਹਕਮ ਸਿੰਘ ਜੀ	ਪਿਤਾ ਭਾਈ ਜਗਜੀਵਨ ਸਿੰਘ ਜੀ ਜਨਮ 13-1-1657 , ਅੰਮ੍ਰਿਤਪਾਨ 1699 ਦੇਹਾਂਤ 19-8-1727, ਕੁੱਲ ਉਮਰ 70 ਸਾਲ, 7 ਮਹੀਨੇ 6 ਦਿਨ ਮਾਤਾ ਸੰਤੋਖ ਕੌਰ ਜੀ ਜਨਮ 12-2-1659, ਦੇਹਾਂਤ 18-8-1705 "ਵੱਡੇ ਪੁਰਖ" ਭਾਈ ਸਿੰਘਣ ਜੀ, ਭਾਈ ਲੋਕਾ ਜੀ	ਸ੍ਰੀ ਦੁਆਰਕਾ ਬੂਤੀਆ ਗੁਜਰਾਤ ਨਾ: 5 ਚੇਤਰ 210 7-3-1679 5 ਚੇਤਰ 1736 ਸੰਮਤ	15 ਸਾਲ ਦੀ ਉਮਰ 1694 ਵਿਚ 1699 ਤੱਕ 5 ਸਾਲ ਗੁਰਮਤਿ ਪੜ੍ਹਾਈ ਕੀਤੀ	ਬੀਬੀ ਸੁਖਦੇਵ ਕੌਰ ਜਨਮ 13-5-1681 ਅੰਮ੍ਰਿਤਪਾਨ 1699 ਵਿਆਹ 5-11-1697 ਦੇਹਾਂਤ 17-7-1741 ਕੁੱਲ ਉਮਰ 60 ਸਾਲ 2 ਮਹੀਨੇ 4 ਦਿਨ
ਪਿਆਰੇ ਭਾਈ ਸਾਹਿਬ ਸਿੰਘ ਜੀ	ਪਿਤਾ ਗੁਰਨਰਾਇਣ ਸਿੰਘ ਜਨਮ 1655 , ਅੰਮ੍ਰਿਤਪਾਨ 1699 ਦੇਹਾਂਤ 5-9-1725, ਕੁੱਲ ਉਮਰ 70 ਸਾਲ ਮਾਤਾ ਅਨਕੰਪਾ ਕੌਰ ਜਨਮ 1658, ਅੰਮ੍ਰਿਤਪਾਨ 1699 ਦੇਹਾਂਤ 25-9-1725, ਕੁੱਲ ਉਮਰ 67 ਸਾਲ ਦਾਦਾ ਸ੍ਰੀ ਚਈਆ ਦੇਤ ਨਾਈ ਦਾਦੀ ਤੁਲਸੀ ਦੇਵੀ ਜੀ	ਬਿਦਰ ਨਾਨਕ ਝੀਰਾ ਦੱਖਣ ਕਰਨਾਟਕਾ ਨਾ: 5 ਮੱਘਰ 206 3-11-1675 5 ਮੱਘਰ,1732 ਸੰਮਤ	11 ਸਾਲ ਦੀ ਉਮਰ 1686 ਵਿਚ 1699 ਤੱਕ 13 ਸਾਲ ਗੁਰਮਤਿ ਪੜ੍ਹਾਈ ਕੀਤੀ	ਬੀਬੀ ਨਿਰੰਜਨ ਕੌਰ ਜਨਮ 22-1-1677 ਅੰਮ੍ਰਿਤਪਾਨ 1699 ਵਿਆਹ 9-2-1693 ਸ਼ਹੀਦੀ 29-3-1704 ਕੁੱਲ ਉਮਰ 27 ਸਾਲ 2 ਮਹੀਨੇ 7 ਦਿਨ

ਨਿਆਰੇ ਪੰਜ ਪਿਆਰਿਆਂ ਦੀਆਂ ਪੰਜ ਪੁਸਤਕਾਂ ਦੇ ਰੂਪ ਵਿੱਚ ਇਤਿਹਾਸ ਮਾਰਕੀਟ ਵਿੱਚ ਉਪਲਬਧ ਹੈ,
ਲੇਖਕ : ਭਾਈ ਬੇਅੰਤ ਸਿੰਘ ਜੀ (ਕਲੇਰਾਂ ਵਾਲੇ)

ਸੰਖੇਪ ਜੀਵਨ ਬਿਉਰਾ

ਸੰਤਾਨ	ਪਿਆਰਿਆਂ ਦੇ ਪੋਤਰੇ, ਪੜਪੋਤੇ	ਸਹੁਰਾ ਪਰਿਵਾਰ	ਦੇਹਾਂਤ ਸ਼ਹੀਦੀ ਕੁੱਲ ਉਮਰ	ਸ਼ਤਾਬਦੀ 400 ਸਾਲਾ
1. ਭਾਈ ਜਵਾਹਰ ਸਿੰਘ ਜੀ, ਜਨਮ 1686, ਦੇਹਾਂਤ 1772 2. ਭਾਈ ਕਿਰਪਾਲ ਸਿੰਘ ਜੀ, ਜਨਮ 21-3-1688, ਸ਼ਹੀਦੀ 24-6-1734 3. ਬੀਬੀ ਭਗਤ ਕੌਰ, ਜਨਮ 22-1-1690 4. ਬੀਬੀ ਅਨੰਦ ਕੌਰ, ਜਨਮ 25-10-1692	ਭਾਈ ਪੰਜਾਬ ਸਿੰਘ ਭਾਈ ਮਿਲਾਪ ਸਿੰਘ, "ਪੜਪੋਤਰੇ" ਸ. ਹਰਿਸਰੂਪ ਸਿੰਘ ਸ. ਹਰਿਬਖਸ਼ ਸਿੰਘ ਭਾਈ ਜੇਠਾ ਸਿੰਘ ਭਾਈ ਅਨੰਦ ਸਿੰਘ	ਸਹੁਰਾ ਭਾ: ਹਰੀਕਰ ਸਿੰਘ ਜਨਮ, 15-2-1646 ਨਿਵਾਸੀ ਡੇਰਾ ਫਾਜਲ ਪਾਕਿਸਤਾਨ ਦੇਹਾਂਤ 21-9-1716, ਕੁੱਲ ਉਮਰ 70 ਸਾਲ 7 ਮਹੀਨੇ 7 ਦਿਨ ਸੱਸ ਮਾਤਾ ਹਰੀ ਕੌਰ, ਜਨਮ 13-3-1648, ਦੇਹਾਂਤ 15-6-1710	ਦੇਹਾਂਤ 21-12-1708 26 ਮੱਘਰ 239 "ਨਾਨਕਸ਼ਾਹੀ" 26 ਮੱਘਰ 1765 ਬਿਕ੍ਰਮ ਕੁੱਲ ਉਮਰ 40 ਸਾਲ 10 ਮਹੀਨੇ 21 ਦਿਨ	ਜਨਮ 1-2-2068 ਦੇਹਾਂਤ 26 ਮੱਘਰ 639 21-12-2108 ਹਜ਼ੂਰ ਸਾਹਿਬ ਨਾਂਦੇੜ
1. ਸਪੁੱਤਰੀ ਬੀਬੀ ਤਰਨ ਕੌਰ, ਜਨਮ 11-2-1688 2. ਸਪੁੱਤਰ ਭਾਈ ਦਲੀਪ ਸਿੰਘ ਜੀ, ਜਨਮ 8-3-1689 3. ਭਾਈ ਅਮੀਰ ਸਿੰਘ ਜੀ, ਜਨਮ 1-1-1691 4. ਭਾਈ ਵੀਰ ਸਿੰਘ ਜੀ, ਜਨਮ 25-12-1693	ਭਾਈ ਮਹਤਾਬ ਸਿੰਘ, ਭਾਈ ਸੂਰਜਾ ਸਿੰਘ ਭਾਈ ਦਰਬਾਰਾ ਸਿੰਘ, ਭਾਈ ਮਾਹੌਲਾ ਸਿੰਘ, "ਪੜਪੋਤਰੇ" ਸ. ਹਰੀ ਸਿੰਘ ਜੀ, ਸ. ਬੀਰਾ ਸਿੰਘ ਜੀ, ਸ. ਚੰਦਾ ਸਿੰਘ ਜੀ, ਸ. ਮੇਘਰ ਸਿੰਘ ਜੀ, ਸ. ਸਾਧੂ ਸਿੰਘ ਜੀ	ਸਹੁਰਾ ਭਾਈ ਕਲਿਆਣ ਸਿੰਘ ਜਨਮ 1648, ਸੱਸ ਮਾਤਾ ਕੁਲਵਿੰਤ ਕੌਰ ਜਨਮ 1652 ਸਾਲਾ ਸ. ਬਚਤ ਸਿੰਘ, ਜਨਮ 1674 , ਸਾਲਾ ਸ. ਬ੍ਰਹਮ ਸਿੰਘ, ਜਨਮ 1676	ਦੇਹਾਂਤ 14-6-1711 11 ਜੇਠ 242 "ਨਾਨਕਸ਼ਾਹੀ" 11 ਜੇਠ ਵੈਸਾਖ ਸੁਦੀ 12 1768 ਬਿਕ੍ਰਮ ਕੁੱਲ ਉਮਰ 41 ਸਾਲ 2 ਮਹੀਨੇ 2 ਦਿਨ	ਜਨਮ 12-4-2070 ਦੇਹਾਂਤ 11 ਜੇਠ 642 14-6-2111 ਹਜ਼ੂਰ ਸਾਹਿਬ ਨੰਦੇੜ
1. ਭਾਈ ਕੁਲਦਿਤ ਸਿੰਘ ਜੀ, ਜਨਮ 13-10-1685, ਸ਼ਹੀਦੀ 6-12-1704 2. ਭਾਈ ਕੁਲਵਿੰਤ ਸਿੰਘ ਜੀ, ਜਨਮ 5-1-1687, ਦੇਹਾਂਤ 10-6-1757 3. ਭਾਈ ਨਿਰਮਲ ਸਿੰਘ ਜੀ, ਜਨਮ 13-4-1688, ਸ਼ਹੀਦੀ 6-12-1704 4. ਸਪੁੱਤਰੀ ਬੀਬੀ ਸਤਿ ਕੌਰ ਜੀ, ਜਨਮ 25-12-1689 5. ਭਾਈ ਤਰ ਸਿੰਘ, ਜਨਮ 11-4-1690 ਸ਼ਹੀਦੀ 4-12-1704	ਸਿਰਫ ਪੋਤਰੇ ਭਾਈ ਪਿਆਰਾ ਸਿੰਘ ਜੀ, ਭਾਈ ਸਲੇਰ ਸਿੰਘ ਜੀ, ਭਾਈ ਸ਼ੇਰ ਸਿੰਘ ਜੀ	ਸਹੁਰਾ ਭਾਈ ਜੇਠ ਸਿੰਘ ਜੀ ਜਨਮ 1644, ਸ਼ਹੀਦੀ 1704, ਕੁੱਲ ਉਮਰ 60 ਸਾਲ ਸੱਸ ਮਾਤਾ ਰਾਮੋ ਕੌਰ ਜੀ ਜਨਮ 1647, ਸ਼ਹੀਦੀ 1704, ਕੁੱਲ ਉਮਰ 57 ਸਾਲ	ਸ਼ਹੀਦੀ ਚਮਕੌਰ ਸਾਹਿਬ 6-12-1704 8 ਪੋਹ 236 "ਨਾਨਕਸ਼ਾਹੀ" 8 ਪੋਹ 1761 ਬਿਕ੍ਰਮ ਕੁੱਲ ਉਮਰ 40 ਸਾਲ 6 ਮਹੀਨੇ 19 ਦਿਨ	ਜਨਮ 17-5-2064 ਸ਼ਹੀਦੀ 8 ਪੋਹ 636 6-12-2104 ਸ਼ਹੀਦੀ ਚਮਕੌਰ ਸਾਹਿਬ
1. ਭਾਈ ਮਿਹਰ ਸਿੰਘ ਜੀ, ਜਨਮ 5-1-1699 ਸ਼ਹੀਦੀ 6-12-1704 2. ਭਾਈ ਜੀਤ ਸਿੰਘ ਜੀ, ਜਨਮ 9-3-1700 ਦੇਹਾਂਤ 22-6-1770 3. ਸਪੁੱਤਰੀ ਰਣਜੀਤ ਕੌਰ, ਜਨਮ 26-12-1702	ਪੋਤਰੇ ਭਾਈ ਤੇਜਾ ਸਿੰਘ, ਭਾਈ ਸੰਗਤ ਸਿੰਘ, ਭਾਈ ਮੋਹਨ ਸਿੰਘ, ਨੋਟ :- ਭਾਈ ਜੀਤ ਸਿੰਘ ਦੇ ਵੰਸ਼ ਵਿਚ ਕਵੀਸ਼ਰ ਭਾਈ ਨਿਹਾਲ ਸਿੰਘ, ਕੁਰਾਨ ਦੀ ਕੁਲ ਪੂਰਨ ਪੁਸਤਕ ਦੀ ਰਚਨਾ ਕੀਤੀ ਹੈ।	ਸਹੁਰਾ ਭਾਈ ਹੰਸਰਾਜ ਸਿੰਘ ਸ਼ਹੀਦੀ 6-12-1704 ਸੱਸ ਮਾਤਾ ਆਗਿਆ ਕੌਰ ਸ਼ਹੀਦੀ 6-12-1704	ਸ਼ਹੀਦੀ ਚਮਕੌਰ ਸਾਹਿਬ 6-12-1704 8 ਪੋਹ 236 "ਨਾਨਕਸ਼ਾਹੀ" 8 ਪੋਹ 1761 ਬਿਕ੍ਰਮ ਕੁੱਲ ਉਮਰ 25 ਸਾਲ 9 ਮਹੀਨੇ 1 ਦਿਨ	ਜਨਮ 7-3-2079 ਸ਼ਹੀਦੀ 8 ਪੋਹ 636 6-12-2104 ਈ ਸ਼ਹੀਦੀ ਚਮਕੌਰ ਸਾਹਿਬ
1. ਭਾਈ ਗੁਰਦਿਆਲ ਸਿੰਘ ਜੀ, ਜਨਮ 3-7-1696 ਦੇਹਾਂਤ 13-12-1763 ਕੁੱਲ ਉਮਰ 66 ਸਾਲ 6 ਮਹੀਨੇ 6 ਦਿਨ। 2. ਭਾਈ ਕੁਸ਼ਲ ਸਿੰਘ ਜੀ, ਜਨਮ 25-2-1698 ਸ਼ਹੀਦੀ 21-5-1731 ਕੁੱਲ ਉਮਰ 32 ਸਾਲ 3 ਮਹੀਨੇ ? ਦਿਨ। 3. ਸਪੁੱਤਰੀ ਬੀਬੀ ਕੁਲਵਿੰਦ ਕੌਰ, ਜਨਮ 25-1-1701 ਸ਼ਹੀਦੀ 25-3-1704 ਕੁੱਲ ਉਮਰ 3 ਸਾਲ 3 ਮਹੀਨੇ 4 ਦਿਨ।	ਭਾਈ ਰੌਸ਼ ਸਿੰਘ, ਭਾਈ ਆਤਮਾ ਸਿੰਘ, ਭਾਈ ਸਰਦਾਨ ਸਿੰਘ, "ਪੜਪੋਤੇ" ਭਾਈ ਮੱਘਰ ਸਿੰਘ ਭਾਈ ਬੁੱਧ ਸਿੰਘ ਭਾਈ ਚੇਤ ਸਿੰਘ	ਸਹੁਰਾ ਭਾਈ ਜੋਰਾ ਸਿੰਘ ਜਨਮ 1654, ਸ਼ਹੀਦੀ 6-12-1704, ਕੁੱਲ ਉਮਰ 50 ਸਾਲ ਸੱਸ ਮਾਤਾ ਮਲਕ ਕੌਰ ਜਨਮ 1659, ਦੇਹਾਂਤ 25-8-1740 ਸਾਲਾ ਭਾਈ ਕਰਮਜੀਤ ਸਿੰਘ ਜਨਮ 1675, ਵਿਆਹ 11-3-1694 ਬੀਬੀ ਬਸੰਤ ਕੌਰ ਨਾਲ ਹੋਇਆ ਸ਼ਹੀਦੀ 6-12-1704	ਸ਼ਹੀਦੀ ਚਮਕੌਰ ਸਾਹਿਬ 6-12-1704 8 ਪੋਹ 236 "ਨਾਨਕਸ਼ਾਹੀ" 8 ਪੋਹ 1761 ਬਿਕ੍ਰਮ ਕੁੱਲ ਉਮਰ 29 ਸਾਲ 1 ਮਹੀਨਾ 3 ਦਿਨ	ਜਨਮ 3-11-2075 ਸ਼ਹੀਦੀ 8 ਪੋਹ 636 6-12-2104 ਈ ਸ਼ਹੀਦੀ ਚਮਕੌਰ ਸਾਹਿਬ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : ਮੁੱਖ ਸੇਵਾਦਾਰ - ਬੀਬੀ ਸੁਰਿੰਦਰ ਕੌਰ, ਗੁਰਬਾਣੀ ਪ੍ਰਚਾਰ ਸੇਵਾ ਸੈਂਟਰ, ਲੁਧਿਆਣਾ। ਫੋਨ : 0161-2443530, 098551-57530, 098761-09418

न्यारे पाँच प्यारे

पाँच प्यारों के नाम	पिता जी माता जी दादे परदादे	जन्म अस्थान सम्मत नानकशाही	किस उम्र में गुरु घर आए, कितने साल गुरमत पढ़ाई की	पत्नी और विवाह तिथि
प्यारे भाई दया सिंह जी	पिता माईया सिंह जन्म 1-5-1640, अमृतपान 1699 शहीदी 9-6-1723, कुल आयु 83 साल 1 महीने 9 दिन माता सोभा कौर जन्म 4-4-1643, अमृतपान 1699 शहीदी 11-6-1719 कुल आयु 76 साल 4 महीने 8 दिन दादा भाई कमाला जी, परदादा भाई गुरीया जी, भाई पारो जी जुलका खत्री	लाहौर, पंजाब "पाकिस्तान" 1 फागुन 199 नानकशाही 1-2-1668 1 फागुन 1725 सम्मत	13 साल की उम्र 1681 से 1699 तक 18 साल गुरमत पढ़ाई की	बीबी दयाली कौर जी जन्म 12-4-1670 विवाह 25-5-1684 अमृतपान 1699 मृत्यु 19-11-1740 कुल आयु 70 साल 7 महीने 7 दिन
प्यारे भाई धर्म सिंह जी	पिता भाई परमसुख सिंह जट जन्म 16-9-1648, अमृतपान 1699 माता आनंद कौर जी जन्म 17-2-1650, अमृतपान 1699 दादा भाई संत राम जी, जन्म 1628 दादी हरकमल जी, जन्म 1631	हस्तनापुर मेरठ (दिल्ली) ना: 13 वैसाख 201 12-4-1670 13 वैसाख सम्मत 1727	25 साल की उम्र 1695 से 1699 तक 4 साल गुरमत पढ़ाई की	बीबी सुखवंत कौर जी जन्म 22-11-1672 विवाह 9-3-1687 अमृतपान 1699 मृत्यु 24-12-1754 कुल आयु 82 साल 7 महीने 3 दिन
प्यारे भाई हिम्मत सिंह जी	पिता भाई गुलजार सिंह जी जन्म 17-3-1640, अमृतपान 1699 शहीदी 6-12-1704, कुल आयु 64 साल 8 महीने 20 दिन माता बीबी लाल कौर जी जन्म 1642, शहीदी 4-12-1704 कुल आयु 63 साल दादा भाई छज्जु राम झीवर, दादी माणकी बाई जी	जगननाथपुरी उड़ीसा ना: 15 जेठ 196 17-5-1664 15 जेठ 1721 सम्मत	14 साल की उम्र 1678 से 1699 तक 21 साल गुरमत पढ़ाई की	बीबी राम कौर जी जन्म 24-5-1667 विवाह 11-11-1684 अमृतपान 1699 मृत्यु 30-10-1732 कुल आयु 65 साल 5 महीने 6 दिन
प्यारे भाई मोहकम सिंह जी	पिता भाई जगजीवन सिंह जी जन्म 13-1-1657, अमृतपान 1699 मृत्यु 19-8-1727, कुल आयु 70 साल 7 महीने 6 दिन माता तमाल कौर जी जन्म 12-2-1659, मृत्यु 18-8-1705 "बड़े पुर्खे" भाई सब्बल जी, भाई लाल जी [illegible]	श्री दुआरिका पूरीया गुजरात ना: 5 चेतर 210 7-3-1679 5 चेतर 1736 सम्मत	15 साल की उम्र 1694 से 1699 तक 5 साल गुरमत पढ़ाई की	बीबी सुखदेव कौर जी जन्म 13-5-1681 विवाह 5-11-1697 अमृतपान 1699 मृत्यु 17-7-1741 कुल आयु 60 साल 2 महीने 4 दिन
प्यारे भाई साहिब सिंह जी	पिता गुलारायण सिंह जन्म 1655, अमृतपान 1699 मृत्यु 5-9-1725, कुल आयु 70 साल माता अनुक्षा कौर जन्म 1658, अमृतपान 1699 मृत्यु 25-9-1725, कुल आयु 67 साल दादा श्री रईया दा नाई दादी तुलसी देवी जी	बिदर नानक झीरा दक्षिण करनाटका ना: 5 मघर 206 3-11-1675 5 मघर, 1732 सम्मत	11 साल की उम्र 1686 से 1699 तक 13 साल गुरमत पढ़ाई की	बीबी निरंजन कौर जी जन्म 22-1-1677 विवाह 9-2-1693 अमृतपान 1699 शहीदी 29-3-1704 कुल आयु 27 साल 2 महीने 7 दिन

न्यारे पाँच प्यारों की पाँच पुस्तकें के रूप में इतिहास मार्किट में उपलब्ध है.
लेखक: भाई बेअन्त सिंह जी (कलेरां वाले)

संक्षिप्त जीवन बिओरा

संतान	प्यारों के पोते, पड़पोते	ससुराल परिवार	मृत्यु शहीदी कुल आयु	शताबदी 400 साला
1. भाई जवाहर सिंह जी जन्म 1686, मृत्यु 1772 2. भाई किरपाल सिंह जी जन्म 21-3-1688 शहीदी 24-6-1734 3. बीबी मनन्त कौर 22-1-1690 4. बीबी आनंद कौर जन्म 25-10-1692	भाई धीरज सिंह भाई मिलाप सिंह "पड़पोते" स. हरअराध सिंह स. हरबख्श सिंह भाई जेठा सिंह भाई अनाहद सिंह	ससुर भाई हकीकत सिंह जन्म 15-2-1646 निवासी डेरा चाहल पाकिस्तान मृत्यु 21-9-1716 कुल आयु 70 साल 7 महीने 7 दिन सासमाता हरी कौर जन्म 13-3-1648 मृत्यु 15-6-1710	मृत्यु 21-12-1708 26 मघर 239 "नानकशाही" 26 मघर 1765 सम्मत कुल उम्र 40 साल 10 महीने 21 दिन	जन्म 1 फागुन 599 1-2-2068 मृत्यु 26 मघर 639 21-12-2108 हजूर साहिब नांदेड़
1. सपुत्री बीबी तरन कौर जन्म 11-2-1688 2. सपुत्र भाई फकीर सिंह जी जन्म 8-3-1689 3. भाई अमीर सिंह जी जन्म 1-1-1691 4. भाई बीर सिंह जी जन्म 25-12-1693	भाई मनसा सिंह भाई सुरजा सिंह भाई दरबारा सिंह भाई महल सिंह "पड़पोते" स. हरी सिंह जी स. गंडा सिंह जी स. चम्पा सिंह जी स. मक्खन सिंह जी स. साधू सिंह जी	ससुर भाई कल्याण सिंह जन्म 1648, सासमाता गुरदित्त कौर जन्म 1652 साला स. चढ़त सिंह, जन्म 1674, साला स. शाम सिंह जन्म 1676	मृत्यु 14-6-1711 11 जेठ 242 "नानकशाही" 11 जेठ वैसाख सुदी 12 1768 सम्मत कुल उम्र 41 साल 2 महीने 2 दिन	जन्म 13 वैसाख 601 12-4-2070 मृत्यु 11 जेठ 642 14-6-2111 हजूर साहिब नांदेड़
1. भाई गुरदित्त सिंह जी जन्म 13-10-1685 शहीदी 6-12-1704 2. भाई हरदित्त सिंह जी जन्म 5-1-1687, मृत्यु 18-6-1757 3. भाई निधान सिंह जी जन्म 13-4-1688, शहीदी 6-12-1704 4. सपुत्री बीबी नसीब कौर जी जन्म 25-12-1690 5. भाई तारा सिंह, जन्म 11-4-1693 शहीदी 4-12-1704	सिर्फ पोते भाई प्यारा सिंह जी भाई दलेर सिंह जी भाई शेर सिंह जी	ससुर भाई जोत सिंह जी जन्म 1644, शहीदी 1704 कुल आयु 60 साल सास माता रामो कौर जी जन्म 1647, शहीदी 1704 कुल उम्र 57 साल	शहीदी चमकौर साहिब 6-12-1704 8 पोह 236 "नानकशाही" 8 पोह 1761 सम्मत कुल उम्र 40 साल 6 महीने 19 दिन	जन्म 15 जेठ 596 17-5-2064 शहीदी 8 पोह 636 6-12-2104 शहीदी चमकौर साहिब
1. भाई सुन्दर सिंह, जन्म 5-1-1699 शहीदी 6-12-1704 2. भाई हीरा सिंह, जन्म 9-3-1700 मृत्यु 22-6-1772 3. सपुत्री रतनागर कौर जन्म 26-12-1702	पोते भाई तीर्थ सिंह भाई मंगल सिंह भाई महल सिंह नोट:- भाई हीरा सिंह की वंश में कविराज भाई संतोख सिंह चूड़ामनी जी का गुरप्रताप सूर्य की रचना की थी।	ससुर भाई हंसराज सिंह शहीदी 6-12-1704 सास माता आज्ञा कौर शहीदी 6-12-1704	शहीदी चमकौर साहिब 6-12-1704 8 पोह 236 "नानकशाही" 8 पोह 1761 सम्मत कुल उम्र 25 साल 9 महीने 1 दिन	जन्म 5 चेतर 610 7-3-2079 शहीदी 8 पोह 636 6-12-2104 शहीदी चमकौर साहिब
1. भाई गुलाब सिंह, जन्म 3-7-1696 मृत्यु 13-12-1762 कुल उम्र 66 साल 6 महीने 6 दिन 2. भाई गुलजार सिंह, जन्म 25-2-1698 शहीदी 27-5-1730 कुल उम्र 32 साल 3 महीने 2 दिन 3. सपुत्री बीबी कुलीन कौर, जन्म 25-1-1701, शहीदी 29-3-1704 कुल उम्र 3 साल 3 महीने 4 दिन	भाई रब्ब सिंह भाई आत्मा सिंह भाई सवर्ण सिंह "पड़पोते" भाई मग्घर सिंह भाई बुध सिंह भाई चेत सिंह	ससुर भाई तीर्थ सिंह जन्म 1654, शहीदी 6-12-1704 कुल उम्र 50 साल सास माता महल कौर जन्म 1659, मृत्यु 25-8-1748 साला भाई रणजित सिंह जन्म 1675, विवाह 11-3-1694 बीबी बसंत कौर से हुआ शहीदी 6-12-1704	शहीदी चमकौर साहिब 6-12-1704 8 पोह 236 "नानकशाही" 8 पोह 1761 सम्मत कुल उम्र 29 साल 1 महीने 3 दिन	जन्म 5 मघ्घर 606 3-11-2075 शहीदी 8 पोह 636 6-12-2104 शहीदी चमकौर साहिब

अधिक जानकारी के लिए संपर्क करें: मुख्य सेवादार – बीबी सुरिन्द्र कौर, गुरबाणी प्रचार सेवा सैंटर, लुधियाना । फोन: 0161-2443530, 098551-57530, 098761-09418

Niyare Panj Piyare

ਪਿਆਰਿਆਂ ਦੇ ਨਾਮ	Father, Mother, Grand Father and Fore Father	Birth Place According to Nanaksar Samratha	At while age Came to Guru Ghar, How much time on Education of Gurmat Sangeet	Wife and Date of Marriage
Piyare Bhai Daya Singh ji	Father Maeya Singh Birth 1-5-1640, Amritpan 1699 Martyrdom 9-6-1723, Age 83 yrs. 1 month 9 days Mother Souba Kaur Birth 4-4-1643, Amritpan 1699 Martyrdom 11-8-1719, Age 76 yrs. 4 month 8 days Grandfather Bhai Kamala ji, Fore Father Bhai Guria ji Bhai Paro ji (Julka Khatri)	Lahor, Punjab "Pakistan" 1 Fuggan 199 Nanakshahi 1-2-1668 1 Fuggan 1725 Sammat	13 years 1681 to 1699 18 years Gurmat Education	Bibi Diyali Kaur ji Birth 12-4-1670, Marriage 25-5-1684 Amritpan 1699 Death 19-11-1740 Age 70 yrs. 7 months 7 days
Piyare Bhai Dharam Singh ji	Father Bhai Paramsukh Singh Birth 16-9-1648, Amritpan 1699, Mother Anant Kaur Birth 17-2-1650, Amritpan 1699 Grandfather Bhai Sant Ram ji Birth 1628, Grandmother Harkamal ji Birth 1631	Hustnapur Meruth (Delhi) Nanakshahi 13 Vaisakh 201 12-4-1670 13 Vaisakh Sammat 1727	25 years 1695 to 1699 4 years Gurmat Education	Bibi Sukhwant Kaur ji Birth 22-11-1672 Marriage 9-3-1687 Amritpan 1699 Death 24-12-1754 Age 82 yrs 1 month 3 days
Piyare Bhai Himmat Singh ji	Father Gulzar Singh ji Birth 17-3-1640, Amritpan 1699 Martyrdom 6-12-1704, Age 64 yrs. 8 month 20 days Mother Bibi Lal Kaur ji Birth 1642, Amritpan 1699 Martyrdom 4-12-1704, Age 63 yrs. Grandfather Bhai Chhajju Ram Jheewar, Grandmother Manki Bhai ji	Jagannathpuri Orissa Nanakshahi 15 Jeth 196 17-5-1664 15 Jeth 1721 Sammat	14 years 1678 to 1699 21 years Gurmat Education	Bibi Ram Kaur ji Birth 24-5-1667 Marriage 11-11-1684 Amritpan 1699 Death 30-10-1732 Age 65 yrs. 5 months 6 days
Piyare Bhai Mohkam Singh ji	Father Bhai Jagjiwan Singh ji Birth 13-1-1657, Amritpan 1699 Death 19-8-1727, Age 70 yrs. 7 month 6 days Mother Sambhal Kaur ji Birth 12-2-1659, Death 18-8-1705 "Wadde Purkh" Bhai Sakhan ji, Bhai Labba ji	Sri Duarka Buria Gujraat Nanakshahi 5 Chettar 210 7-3-1679 5 Chettar 1736 Sammat	15 years 1694 to 1699 5 years Gurmat Education	Bibi Sukhdev Kaur ji Birth 13-5-1681 Marriage 5-11-1697 Amritpan 1699 Death 17-7-1741 Age 60 yrs. 2 months 4 days
Piyare Bhai Sahib Singh ji	Father Gurnarayan Singh Birth 1655, Amritpan 1699 Death 5-9-1725, Age 70 yrs. Mother Anukampa Kaur Birth 1658, Amritpan 1699 Death 25-9-1725, Age 67 yrs. Grandfather Raiya Dutt Nai Grandmother Tulsi Devi	Bidar Nanak Jheera South Karnatka Nanakshahi 5 Maggar 206 3-11-1675 5 Maggar 1732 Sammat	11 years 1686 to 1699 13 years Gurmat Education	Bibi Niranjan Kaur ji Birth 21-1-1677 Marriage 9-2-1693 Amritpan 1699 Death 28-3-1704 Age 27 yrs. 2 months 7 days

History of Niyare Panj Piyare in the form of Five books are available in the market.
Writer : Bhai Beant Singh ji (Kaleran Wale)

Brief Detail of Biography

Children	Piyare's Grandson and Fore Grandson	In Law's Family	Martyrdom Death age	ਸ਼ਤਾਬਦੀ 400 ਸਾਲਾ
1.Bhai Jawahar Singh ji Birth 1686, Death 1772 2.Bhai Kirpal Singh ji Birth 21-3-1688, Martyrdom 24-6-1734 3.Bibi Mannat Kaur Birth 22-1-1690 4.Bibi Anand Kaur Birth 25-10-1692	Bhai Dheeraj Singh Bhai Milap Singh "Great Grandsons" S. Hararadh Singh S. Harbaksh Singh Bhai Jetha Singh Bhai Anahat Singh	Father In-law Bhai Hakikat Singh Birth 15-2-1646 Dera Chahal Pakistan Death 21-9-1716 Age 70 yrs. 7 months 7 days Mother In-law Hari Kaur Birth 13-3-1648 Death 15-6-1710	Death 21-12-1708 26 Maggar 239 "Nanakshahi" 26 Maggar 1765 Sammat Age 40 yrs. 10 months 21 days	Birth 1 Faggan 599 1-2-2068 Death 26 Maggar 639 21-12-2108 Hazur Sahib Nanded
1. Daughter Taran Kaur Birth 11-2-1688 2. Son Bhai Faqir Singh ji Birth 8-3-1689 3. Bhai Amir Singh ji Birth 1-1-1691 4. Bhai Veer Singh ji Birth 25-12-1693	Bhai Mansa Singh Bhai Surja Singh Bhai Darbara Singh Bhai Mohan Singh Great Grandsons S. Hari Singh S. Ganda Singh S. Champa Singh S. Makhan Singh S. Sadhu Singh	Father in-law Bhai Kalian Singh, Birth 1648 Mother in-law Gurdit Kaur, Birth 1652 Brother in-laws S. Charat Singh, Birth 1674 S. Sham Singh, Birth 1676	Death 14-6-1711 11 Jeth 242 "Nanakshahi" 1 Jeth Vaisakh Sudi 12 1768 Sammat Age 41 yrs. 2 months 2 days	Birth 13 Vaisakh 601 12-4-2070 Death 11 Jeth 642 14-6-2111 Hazur Sahib Nanded
1. Bhai Gurdit Singh, Birth 13-10-1685 Martyrdom 6-12-1704 2. Bhai Hardit Singh Birth 5-1-1687, Death 10-6-1757 3. Bhai Nidhan Singh Birth 13-4-1688, Martyrdom 6-12-1704 4. Daughter Bibi Nasib Kaur ji Birth 25-12-1690 5. Bhai Tara Singh, Birth 11-4-1693 Martyrdom 4-12-1704	Only Grandsons Bhai Piyara Singh Bhai Daler Singh Bhai Sher Singh	Father in-law Bhai Jot Singh Birth 1644, Martyrdom 1704 Age 60 years Mother in-law Ramo Kaur Birth 1647, Martyrdom 1704 Age 57 years	Martyrdom Chamkaur Sahib 6-12-1704 8 Poh 236 "Nanakshahi" 8 Poh 1761 Sammat Age 40 yrs. 6 months 19 days	Birth 15 Jeth 596 17-5-2064 Martyrdom 8 Poh 636 6-12-2104 Chamkaur Sahib
1. Bhai Sundar Singh Birth 6-12-1704 2. Bhai Heera Singh Birth 9-3-1700 Death 22-6-1772 3. Daughter Rattnagar Kaur Birth 26-12-1702	Grandsons Bhai Tirath Singh Bhai Mangal Singh Bhai Mahal Singh Note: Creation of Kaviraj Bhai Santokh Singh, Churamani Gur Partap Singh in dynasty of Bhai Heera Singh	Father in-law Bhai Hansraj Singh Martyrdom 6-12-1704 Mother in-law Aagiya Kaur Martyrdom 6-12-1704	Martyrdom Chamkaur Sahib 6-12-1704 8 Poh 236 "Nanakshahi" 8 Poh 1761 Sammat Age 25 yrs. 9 months 1 day	Birth 5 Chetar 610 7-3-2079 Martyrdom 8 Poh 636 6-12-2104 Chamkaur Sahib
1. Bhai Gurdiya Singh Birth 3-7-1696 Death 13-12-1762 Age 66 yrs. 5 months 6 days 2. Bhai Gurlal Singh, Birth 25-2-1698 Martyrdom 27-5-1738 Age 32 yrs. 3 months 2 days 3. Daughter Bibi Gurnain Kaur Birth 25-1-1701, Martyrdom 29-3-1704 Age 3 yrs. 3 months 4 days	Bhai Rabb Singh Bhai Aatma Singh Bhai Sanwan Singh Great Grandsons Bhai Maghar Singh Bhai Budh Singh Bhai Chet Singh	Father in-law Bhai Tirath Singh Birth 1654, Martyrdom 6-12-1704 Age 50 years Mother in-law Madan Kaur Birth 1659, Death 25-8-1740 Brother in-law Bhai Ranjit Singh Birth 1675, Marriage 11-3-1694 Wife Bibi Basant Kaur Martyrdom 6-12-1704	Martyrdom Chamkaur Sahib 6-12-1704 8 Poh 236 "Nanakshahi" 8 Poh 1761 Sammat Age 29 yrs. 1 months 3 days	Birth 5 Maggar 606 3-11-2075 Martyrdom 8 Poh 636 6-12-2104 Chamkaur Sahib

For Further Information : President - Bibi Surinder Kaur, Gurbani Prachar Sewa Centre, Ludhiana. Ph.: 0161-2443530, 098551-57530, 098761-09418

ਖੁਸ਼ਖਬਰੀ

ਜਿਸ ਖੋਜ ਦਾ ਪਾਠਕਾਂ ਅਤੇ ਸਤਿਸੰਗੀ ਜਨਾਂ ਨੇ ਦੱਸ ਸਾਲ ਇੰਤਜ਼ਾਰ ਕੀਤਾ ਹੈ। ਉਹ ਅੱਜ ਲੰਬੇ ਸਮੇਂ ਦਾ ਇੰਤਜ਼ਾਰ ਸਮਾਪਤ ਹੋਇਆ। ਪੰਜ ਪਿਆਰਿਆਂ ਦੇ ਜਨਮ ਤੋਂ ਆਰੰਭ ਕਰਕੇ ਬਚਪਨ ਕਿਸ ਤਰ੍ਹਾਂ ਬੀਤਿਆ, ਫਿਰ ਗੁਰੂ ਘਰ ਵਿੱਚ ਕਿਸ ਉਮਰ 'ਚ ਆਏ, ਫਿਰ 1699 ਵਿਸਾਖੀ ਵਾਲੇ ਦਿਨ ਤੋਂ ਪਹਿਲਾਂ ਕਿੰਨੇ ਸਾਲ ਗੁਰਮਤਿ ਪੜ੍ਹਾਈ ਕੀਤੀ। ਫਿਰ ਪੰਜਾਂ ਪਿਆਰਿਆਂ ਦੇ ਵਿਆਹ ਕਿਸ ਥਾਂ ਕਿਸ ਉਮਰ ਵਿੱਚ ਹੋਏ, ਪੰਜ ਪਿਆਰਿਆਂ ਨੇ ਪਰਿਵਾਰ ਸਮੇਤ ਅੰਮ੍ਰਿਤ ਛਕਿਆ, ਪੰਜ ਪਿਆਰਿਆਂ ਦੀ ਸੰਤਾਨ ਨੇ ਵੀ ਕੌਮ ਵਿੱਚ ਕਿਹੜੀਆਂ ਮਹਾਨ ਦੇਣਾਂ ਦਿੱਤੀਆਂ ਤੇ ਸ਼ਹੀਦੀਆਂ ਕਿਸ ਤਰ੍ਹਾਂ ਪਾਈਆਂ ਪੁਰਾਤਨ ਖੋਜ ਖਾਲਸਾ ਪੰਥ ਦੀ ਨੀਂਹ ਤੇ ਸਾਜਨਾ, ਪੁਰਾਤਨ ਗ੍ਰੰਥਾਂ ਦੇ ਵੇਰਵੇ ਤੇ ਨਵੀਨ ਪੁਸਤਕਾਂ ਦੇ ਵਿਚਾਰ, ਮਹਾਨ ਗਿਆਨ, ਅਨਮੋਲ ਤੋਹਫਾ ਸਾਰੀਆਂ ਬੁੱਕ ਸਟਾਲਾਂ ਤੇ ਪਹੁੰਚ ਚੁੱਕਾ ਹੈ, ਪੰਜ ਪੁਸਤਕਾਂ ਦੇ ਰੂਪ ਵਿੱਚ । ਇੱਕ ਇੱਕ ਇਤਿਹਾਸਕ ਖੋਜ ਨੂੰ ਸੰਖੇਪ ਨਾਲ ਲਿਖਣ ਦਾ ਮਹਾਨ ਉਪਰਾਲਾ ਕੀਤਾ ਹੈ।

ਇਹ ਪੰਜ ਪੁਸਤਕਾਂ ਅੱਜ ਦੇ ਨਵੇਂ ਬਣੇ ਗ੍ਰੰਥੀ ਤੇ ਗੁਰੂ ਦੇ ਕੀਰਤਨੀਏ ਰਾਗੀ ਪ੍ਰਚਾਰਕ, ਮਿਸ਼ਨਰੀ ਵਿਦਿਆਰਥੀਆਂ ਅਤੇ ਗੁਰੂ ਘਰ ਦੇ ਪ੍ਰਬੰਧਕ ਤੇ ਸਟੇਜ ਸਕੱਤਰ ਆਦਿ ਵੀਰਾਂ ਦੀ ਇੱਕ ਖਾਸ ਮੰਗ ਸੀ ਕਿ ਅਸੀਂ ਸਟੇਜ ਤੇ ਇਤਿਹਾਸ ਜਾਂ ਪੰਜ ਪਿਆਰਿਆਂ ਦੇ ਜੀਵਨ ਕਿਸ ਤਰ੍ਹਾਂ ਬੋਲੀਏ। ਉਹਨਾਂ ਦੀ ਮੰਗ ਤੇ ਸਮੇਂ ਦੀ ਲੋੜ ਨੂੰ ਦੇਖਦਿਆਂ ਅੱਜ ਜੋ ਇਹ ਪੁਸਤਕਾਂ ਸੰਗਤਾਂ ਦੇ ਹੱਥਾਂ ਦਾ ਸ਼ਿੰਗਾਰ ਹਨ, ਇਸ ਵਿੱਚ ਇਕ ਇੱਕ ਸ਼ਬਦ ਬੋਲਣ ਮਈ ਢੰਗ ਨਾਲ ਲਿਖੇ ਹਨ। ਆਪ ਵੀ ਪੜ੍ਹੋ ਤੇ ਸੰਗਤਾਂ ਨੂੰ ਵੀ ਪੜ੍ਹਾਵੋ ਜੀ।

ਲੇਖਕ

ਪ੍ਰੋ: ਬੇਅੰਤ ਸਿੰਘ ਕਲੇਰਾਂਵਾਲੇ

Rai Saandal Bhatti Gate
Village Bhatti Lahore
The Punjabi Hero Dulla Bhatti

ਪਿਆਰੇ ਭਾਈ ਦਇਆ ਸਿੰਘ ਜੀ

ਰਾਜੁ ਕਰੇਂਗੇ
(ਉਮਰ 40 ਸਾਲ 6 ਮਹੀਨੇ 19 ਦਿਨ)

ਅਵਰ ਨ ਧਿਆਊ

ਸਿਰੁ ਸਉਪੀਐ
(ਉਮਰ 29 ਸਾਲ 1 ਮਹੀਨਾ 3 ਦਿਨ)

ਧਰਮ ਧਾਮ
ਪਿਆਰੇ ਭਾਈ ਧਰਮ ਸਿੰਘ ਜੀ
(ਉਮਰ 42 ਸਾਲ 2 ਮਹੀਨੇ 2 ਦਿਨ)


ਰੰਬੀਆਂ ਨਾਲ
(ਉਮਰ 25 ਸਾਲ, 3 ਮਹੀਨੇ, 13 ਦਿਨ)